**ਨਗਰ ਨਿਗਮ, ਬਠਿੰਡਾ।**

**ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 24.06.2024 ਨੂੰ ਬਾਅਦ ਦੁਪਹਿਰ 3.00 ਵਜੇ**

ਅੱਜ ਮਿਤੀ 24.06.2024 ਨੂੰ ਬਾਅਦ ਦੁਪਹਿਰ 3.00 ਵਜੇ ਸ੍ਰੀ ਅਸ਼ੋਕ ਕੁਮਾਰ, ਕਾਰਜਕਾਰੀ ਮੇਅਰ-ਕਮ-ਸੀਨੀਅਰ ਡਿਪਟੀ ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੋਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੋਂਸਲਰ ਦਾ ਨਾਮ ਸਰਵ ਸ੍ਰੀ/ਸ੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਸੁਖਦੇਵ ਸਿੰਘ | 4 | ਕੋਂਸਲਰ |
| 2 | ਸੋਨੀਆ | 5 | ਕੋਂਸਲਰ |
| 3 | ਬੇਅੰਤ ਸਿੰਘ ਰੰਧਾਵਾ | 6 | ਕੋਂਸਲਰ |
| 4 | ਸ਼ੈਰੀ ਗੋਇਲ | 7 | ਕੋਂਸਲਰ |
| 5 | ਹਰਪਾਲ ਸਿੰਘ ਢਿੱਲੋਂ | 8 | ਕੋਂਸਲਰ |
| 6 | ਬਲਜੀਤ ਸਿੰਘ ਸਰਾਂ | 10 | ਕੋਂਸਲਰ |
| 7 | ਅਸੇਸ਼ਰ ਪਾਸਵਾਨ | 12 | ਕੋਂਸਲਰ |
| 8 | ਵਿਵੇਕ ਗਰਗ | 14 | ਕੋਂਸਲਰ |
| 9 | ਬਲਰਾਜ ਸਿੰਘ | 16 | ਕੋਂਸਲਰ |
| 10 | ਵਿਕਰਮ ਕ੍ਰਾਂਤੀ | 18 | ਕੋਂਸਲਰ |
| 11 | ਸ਼ੀਲਾ ਰਾਣੀ | 19 | ਕੋਂਸਲਰ |
| 12 | ਮੱਖਣ ਸਿੰਘ | 20 | ਕੋਂਸਲਰ |
| 13 | ਸੁਰੇਸ਼ ਚੋਹਾਨ | 22 | ਕੋਂਸਲਰ |
| 14 | ਕਿਰਨ ਰਾਣੀ | 23 | ਕੋਂਸਲਰ |
| 15 | ਸ਼ਾਮ ਲਾਲ ਗਰਗ | 24 | ਕੋਂਸਲਰ |
| 16 | ਕਮਲਜੀਤ ਕੋਰ | 25 | ਕੋਂਸਲਰ |
| 17 | ਸੰਦੀਪ ਕੁਮਾਰ | 26 | ਕੋਂਸਲਰ |
| 18 | ਉਸ਼ਾ ਗੋਇਲ | 27 | ਕੋਂਸਲਰ |
| 19 | ਹਰਮੰਦਰ ਸਿੰਘ | 28 | ਡਿਪਟੀ ਮੇਅਰ |
| 20 | ਬਲਜਿੰਦਰ ਸਿੰਘ | 30 | ਕੋਂਸਲਰ |
| 21 | ਉਮੇਸ਼ ਗਰਗ | 32 | ਕੋਂਸਲਰ |
| 22 | ਹਰਵਿੰਦਰ ਸਿੰਘ | 36 | ਕੋਂਸਲਰ |
| 23 | ਮਮਤਾ ਸੈਣੀ | 38 | ਕੋਂਸਲਰ |
| 24 | ਪੁਸ਼ਪਾ ਰਾਣੀ | 39 | ਕੋਂਸਲਰ |
| 25 | ਆਤਮਾ ਸਿੰਘ | 40 | ਕੋਂਸਲਰ |
| 26 | ਕੁਲਵਿੰਦਰ ਕੋਰ | 41 | ਕੋਂਸਲਰ |
| 27 | ਸੁਖਰਾਜ ਸਿੰਘ ਔਲਖ | 42 | ਕੋਂਸਲਰ |
| 28 | ਅਨੀਤਾ ਗੋਇਲ | 43 | ਕੋਂਸਲਰ |
| 29 | ਰਤਨ ਰਾਹੀ | 46 | ਕੋਂਸਲਰ |
| 30 | ਕਮਲੇਸ਼ ਮਹਿਰਾ | 49 | ਕੋਂਸਲਰ |
| 31 | ਮਲਕੀਤ ਸਿੰਘ ਗਿੱਲ | 50 | ਕੋਂਸਲਰ |

ਮੀਟਿੰਗ ਵਿੱਚ ਸੱਭ ਤੋਂ ਪਹਿਲਾਂ ਕਾਰਜਕਾਰੀ ਮੇਅਰ-ਕਮ-ਸੀਨੀਅਰ ਡਿਪਟੀ ਮੇਅਰ ਨੇ ਦਸਿਆ ਕਿ ਅੱਜ ਦੀ ਇਹ ਮੀਟਿੰਗ ਸ਼ਹਿਰ ਵਿੱਚ ਸੀਵਰੇਜ ਸਬੰਧੀ ਕੋਂਸਲਰ ਸਾਹਿਬਾਨਾਂ ਨੂੰ ਆ ਰਹੀਆਂ ਦਿੱਕਤਾਂ, ਸੀਵਰੇਜ਼ ਦੇ ਮਾੜੇ ਪ੍ਰਬੰਧਾਂ ਵਿੱਚ ਸੁਧਾਰ ਕਰਨ ਅਤੇ ਆਉਣ ਵਾਲੀਆਂ ਬਰਸਾਤਾਂ ਦੇ ਮੌਸਮ ਨੂੰ ਦੇਖਦੇ ਹੋਏ ਬਣਦੇ ਹੱਲ ਕਰਨ ਖਾਤਰ ਬੁਲਾਈ ਗਈ ਹੈ। ਉਹਨਾਂ ਇਹ ਵੀ ਦਸਿਆ ਕਿ ਤਕਰੀਬਨ 15 ਦਿਨ ਪਹਿਲਾਂ ਵੀ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨਾਲ ਕੋਂਸਲਰ ਸਾਹਿਬਾਨ ਨੂੰ ਸੀਵਰੇਜ਼ ਸਬੰਧੀ ਆ ਰਹੀਆਂ ਸਮੱਸਿਆਂਵਾਂ ਬਾਰੇ ਜਾਣੂ ਕਰਵਾਇਆ ਗਿਆ ਸੀ। ਪਰੰਤੂ ਸਥਿਤੀ ਦਿਨ ਬ ਦਿਨ ਵਿਗੜਦੀ ਜਾ ਰਹੀ ਹੈ। ਜਿਸ ਕਾਰਨ ਅੱਜ ਇਹ ਜਨਰਲ ਹਾਊਸ ਦੀ ਸਪੈਸ਼ਲ ਮੀਟਿੰਗ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਅੱਜ ਦੀ ਇਸ ਮੀਟਿੰਗ ਵਿੱਚ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਅਤੇ ਤ੍ਰਿਵੇਣੀ ਕੰਪਨੀ ਦੇ ਨੁਮਾਇੰਦਿਆਂ ਨੂੰ ਵੀ ਵਿਸ਼ੇਸ਼ ਤੋਰ ਤੇ ਬੁਲਾਇਆ ਗਿਆ ਹੈ। ਉਹਨਾਂ ਹਾਊਸ ਵਿੱਚ ਮੋਜੂਦ ਸਮੂਹ ਕੌਂਸਲਰ ਸਾਹਿਬਾਨ ਨੂੰ ਬੇਨਤੀ ਕੀਤੀ ਕਿ ਇੱਕ-ਇੱਕ ਕਰਕੇ ਆਪਣੇ ਵਾਰਡਾਂ ਵਿੱਚ ਸੀਵਰੇਜ਼ ਸਬੰਧੀ ਆ ਰਹੀਆਂ ਦਿੱਕਤਾਂ ਬਾਰੇ ਜਾਣੂ ਕਰਵਾਇਆ ਜਾਵੇ ਤਾਂ ਜੋ ਉਹਨਾਂ ਦਾ ਬਣਦਾ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾ ਸਕੇ।

ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਕਿਹਾ ਕਿ ਸ਼ਹਿਰ ਵਿੱਚ ਰੋਜ਼ਾਨਾ ਸੀਵਰੇਜ਼ ਸਬੰਧੀ ਮਿਲ ਰਹੀਆਂ ਸ਼ਿਕਾਇਤਾਂ ਦੇ ਹੱਲ ਲਈ ਅੱਜ ਦੀ ਇਹ ਸਪੈਸ਼ਲ ਮੀਟਿੰਗ ਰੱਖੀ ਗਈ ਹੈ। ਉਹਨਾਂ ਕਿਹਾ ਕਿ ਹਰੇਕ ਵਾਰਡ ਦੇ ਹਰੇਕ ਇਲਾਕੇ ਵਿੱਚ ਸੀਵਰੇਜ਼ ਸਬੰਧੀ ਸਮੱਸਿਆਂਵਾਂ ਆ ਰਹੀਆਂ ਹਨ। ਚਾਰ ਦਿਨਾਂ ਬਾਅਦ ਬਰਸਾਤਾਂ ਦਾ ਮੌਸਮ ਸ਼ੁਰੂ ਹੋਣ ਵਾਲਾ ਹੈ। ਬਠਿੰਡਾ ਸ਼ਹਿਰ ਦਾ ਸੀਵਰੇਜ਼ ਸਿਸਟਮ ਲਿਫਟਿੰਗ ਬੇਸ ਹੈ। ਇਸ ਲਈ ਜਲਦ ਤੋਂ ਜਲਦ ਬਣਦਾ ਹੱਲ ਕੀਤਾ ਜਾਵੇ ਤਾਂ ਜੋ ਬਰਸਾਤਾਂ ਦੋਰਾਨ ਕਿਸੇ ਨੂੰ ਵੀ ਕੋਈ ਦਿੱਕਤ ਨਾ ਆਵੇ। ਉਹਨਾਂ ਕੋਂਸਲਰ ਸਾਹਿਬਾਨ ਨੂੰ ਬੇਨਤੀ ਕੀਤੀ ਕਿ ਆਪਣੇ ਵਾਰਡ ਦੀਆਂ ਸੀਵਰੇਜ਼ ਸਬੰਧੀ ਸਮੱਸਿਆਂਵਾਂ ਦੱਸਣ ਤੋਂ ਇਲਾਵਾ ਸੁਝਾਅ ਵੀ ਦਿੱਤੇ ਜਾਣ ਤਾਂ ਜੋ ਜਲਦ ਤੋਂ ਜਲਦ ਇਹਨਾਂ ਸਮੱਸਿਆਂਵਾਂ ਦਾ ਹੱਲ ਕੀਤਾ ਜਾ ਸਕੇ। ਉਹਨਾਂ ਕਿਹਾ ਕਿ ਕਿਸੇ ਵੀ ਇਲਾਕੇ ਵਿੱਚ ਸੀਵਰੇਜ਼ ਸਬੰਧੀ ਸਮੱਸਿਆ ਬਾਰੇ ਜਦੋਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਕਿਹਾ ਜਾਂਦਾ ਹੈ ਤਾਂ ਉਹ ਕਹਿੰਦੇ ਹਨ ਕਿ ਇਹ ਕੰਮ ਤ੍ਰਿਵੇਣੀ ਕੰਪਨੀ ਕਰੇਗੀ। ਤ੍ਰਿਵੇਣੀ ਕੰਪਨੀ ਦੇ ਨੁਮਾਇੰਦਿਆਂ ਨੂੰ ਵਾਰ-ਵਾਰ ਕਹਿਣ ਦੇ ਬਾਵਜੂਦ ਕੰਮ ਨਾ ਹੋਣ ਕਾਰਨ ਲੋਕਾਂ ਵਿੱਚ ਬਹੁਤ ਜਿਆਦਾ ਰੋਸ ਵੇਖਣ ਨੂੰ ਮਿਲਦਾ ਹੈ। ਬਾਅਦ ਵਿੱਚ ਇਹ ਕੰਮ ਨਗਰ ਨਿਗਮ ਦੇ ਓ.ਐਂਡ ਐਮ. ਸਟਾਫ ਪਾਸੋਂ ਕਰਵਾਇਆ ਜਾਂਦਾ ਹੈ। ਉਹਨਾਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਕਾਰਜਕਾਰੀ ਇੰਜੀਨੀਅਰ ਪਾਸੋਂ ਮਸ਼ੀਨਾਂ ਦੀ ਗਿਣਤੀ, ਸਟਾਫ, ਸ਼ਹਿਰ ਵਿੱਚ ਕੀਤੀ ਜਾ ਰਹੀ ਸੁਪਰਵੀਜ਼ਨ ਬਾਰੇ ਜਵਾਬ ਦੇਣ ਲਈ ਕਿਹਾ। ਉਹਨਾਂ ਪੁੱਛਿਆ ਕਿ ਜੇਕਰ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਅਤੇ ਤ੍ਰਿਵੇਣੀ ਕੰਪਨੀ ਵੱਲੋਂ ਸੀਵਰੇਜ਼ ਸਬੰਧੀ ਸਮੱਸਿਆ ਦਾ ਹੱਲ ਨਹੀਂ ਕੀਤਾ ਜਾਂਦਾ ਤਾਂ ਉਹ ਕਿਸਨੂੰ ਕਹਿਣ? ਉਹਨਾਂ ਕਿਹਾ ਕਿ ਤ੍ਰਿਵੇਣੀ ਕੰਪਨੀ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੀ ਠੇਕੇਦਾਰ ਹੈ। ਨਗਰ ਨਿਗਮ ਵੱਲੋਂ ਜੋ ਵੀ ਅਦਾਇਗੀ ਕੀਤੀ ਜਾਂਦੀ ਹੈ ਹੈ ਉਹ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਨੂੰ ਕੀਤੀ ਜਾਂਦੀ ਹੈ। ਜੇਕਰ ਤ੍ਰਿਵੇਣੀ ਕੰਪਨੀ ਵੱਲੋਂ ਕੰਮ ਕਰਨ ਤੋਂ ਮਨਾਹੀ ਕੀਤੀ ਜਾਂਦੀ ਹੈ ਤਾਂ ਇਸ ਸਬੰਧੀ ਨਗਰ ਨਿਗਮ ਦੇ ਧਿਆਨ ਵਿੱਚ ਕਿਉਂ ਨਹੀਂ ਲਿਆਂਦਾ ਜਾਂਦਾ? ਉਹਨਾਂ ਇਹ ਵੀ ਦਸਿਆ ਕਿ ਜੂਨ 2025 ਤੱਕ ਸ਼ਹਿਰ ਦੀ ਸੀਵਰੇਜ਼ ਸਬੰਧੀ ਮੈਨਟੀਨੈਂਸ ਦਾ ਠੇਕਾ ਤ੍ਰਿਵੇਣੀ ਕੰਪਨੀ ਪਾਸ ਹੈ। ਇਸ ਲਈ ਯੋਗ ਹੋਵੇਗਾ ਕਿ ਇਸ ਸਬੰਧੀ ਪਹਿਲਾਂ ਹੀ ਯੋਗ ਕਦਮ ਚੁੱਕੇ ਜਾਣ। ਉਹਨਾਂ ਕਿਹਾ ਕਿ ਇਹ ਯੋਗ ਹੋਵੇਗਾ ਕਿ ਆਪਰੇਸ਼ਨ ਐਂਡ ਮੈਨਟੀਨੈਂਸ ਦਾ ਕੰਮ ਨਗਰ ਨਿਗਮ ਵੱਲੋਂ ਆਪਣੇ ਪੱਧਰ ਤੇ ਕੀਤਾ ਜਾਵੇ।

ਸ਼੍ਰੀ ਮਲਕੀਤ ਸਿੰਘ ਗਿੱਲ, ਕੋਂਸਲਰ ਵਾਰਡ ਨੰਬਰ 50 ਨੇ ਕਿਹਾ ਕਿ ਨਗਰ ਨਿਗਮ ਦੇ ਜਨਰਲ ਹਾਊਸ ਦੀ ਮੀਟਿੰਗ ਸ਼ਹਿਰ ਦੇ ਕੰਮ ਕਰਾਉਣ ਖਾਤਰ ਕੀਤੀ ਜਾਂਦੀ ਹੈ। ਸ਼ਹਿਰ ਵਾਸੀ ਸਾਡੇ ਤੋਂ ਵਿਕਾਸ ਦੇ ਕੰਮਾਂ ਦੀ ਉਮੀਦ ਕਰਦੇ ਹਨ। ਉਹਨਾਂ ਨੂੰ ਬਣਦਾ ਲਾਭ ਮਿਲਣਾ ਵੀ ਚਾਹੀਦਾ ਹੈ। ਪਰੰਤੂ ਕਿਸੇ ਵੀ ਕੋਂਸਲਰ ਵੱਲੋਂ ਕਹੇ ਗਏ 5 ਕੰਮਾਂ ਵਿੱਚੋਂ 3 ਕੰਮ ਵੀ ਨਹੀਂ ਹੁੰਦੇ। ਅਸੀ ਆਪਣੀਆਂ ਕੁਰਸੀਆਂ ਬਚਾਉਣ ਵਿੱਚ ਸਮਾਂ ਖਰਾਬ ਕਰਦੇ ਹਾਂ ਜੋ ਕਿ ਚੰਗੀ ਗੱਲ ਨਹੀਂ। ਉਹਨਾਂ ਕਿਹਾ ਕਿ ਸ਼ਹਿਰ ਵਿੱਚ ਸੀਵਰੇਜ਼ ਦੀ ਬਹੁਤ ਜਿਆਦਾ ਸਮੱਸਿਆ ਹੈ। ਤ੍ਰਿਵੇਣੀ ਕੰਪਨੀ ਵਾਲੇ ਕੋਈ ਗੱਲ ਨਹੀਂ ਸੁਣਦੇ। 50 ਨੰਬਰ ਵਾਰਡ ਇੱਕ ਗਰੀਬ ਵਾਰਡ ਹੈ। ਇਸ ਇਲਾਕੇ ਵਿੱਚ ਸੀਵਰੇਜ਼ ਦੇ ਗੰਦੇ ਪਾਣੀ ਦੀ ਨਿਕਾਸੀ ਲਈ ਪਾਈ ਜਾਣ ਵਾਲੀ ਪਾਈਪ ਦਾ ਕੰਮ ਅਜੇ ਤੱਕ ਪੂਰਾ ਨਹੀਂ ਕੀਤਾ ਗਿਆ। ਸੀਵਰੇਜ਼ ਦਾ ਗੰਦਾ ਪਾਣੀ ਸੜ੍ਹਕਾਂ ਤੇ ਓਵਰਫਲੋ ਹੋ ਰਿਹਾ ਹੈ। ਹੁਣ ਬਰਸਾਤਾਂ ਦਾ ਮੌਸਮ ਸ਼ੁਰੂ ਹੋਣ ਵਾਲਾ ਹੈ। ਕੰਪਨੀ ਵਾਲੇ ਸਿਰਫ ਮੋਟਰ ਚਲਾ ਕੇ ਫੋਟੋ ਪਾ ਦਿੰਦੇ ਹਨ। ਪਰੰਤੂ ਪਾਣੀ ਦੀ ਨਿਕਾਸੀ ਸੜ੍ਹਕਾਂ ਤੇ ਹੀ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਉਹਨਾਂ ਵੱਲੋਂ ਆਪਣੇ ਵਾਰਡ ਵਿੱਚ ਇੱਕ ਪਾਰਕ ਬਨਾਉਣ ਲਈ ਬੇਨਤੀ ਕੀਤੀ ਗਈ ਸੀ। ਨਗਰ ਨਿਗਮ ਵੱਲੋਂ ਕੰਧਾਂ ਬਣਾ ਕੇ, ਭਰਤ ਪਾ ਕੇ ਅਤੇ ਝੁੱਲੇ ਹੀ ਲਗਾਉਣੇ ਹਨ। ਪਰੰਤੂ ਨਗਰ ਨਿਗਮ ਵੱਲੋਂ ਇਸ ਸਬੰਧੀ ਕੁੱਝ ਵੀ ਨਹੀਂ ਕੀਤਾ ਜਾ ਰਿਹਾ। ਇਸਤੇ ਡਿਪਟੀ ਮੇਅਰ ਨੇ ਕਿਹਾ ਕਿ ਅੱਜ ਆਪਾਂ ਸੀਵਰੇਜ਼ ਸਬੰਧੀ ਆ ਰਹੀਆਂ ਸਮੱਸਿਆਂਵਾਂ ਦੇ ਹੱਲ ਲਈ ਇੱਕਤਰ ਹੋਏ ਹਾਂ। ਇਸ ਲਈ ਵਾਰਡਾਂ ਵਿੱਚ ਸੀਵਰੇਜ਼ ਸਬੰਧੀ ਆ ਰਹੀਆਂ ਸਮੱਸਿਆਂਵਾਂ ਬਾਰੇ ਹੀ ਦਸਿਆ ਜਾਵੇ।

ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਨੇ ਦਸਿਆ ਕਿ ਸਾਲ 2015-16 ਵਿੱਚ ਇਸ ਏਰੀਏ ਵਿੱਚ ਸੀਵਰੇਜ਼ ਦੀ ਪਾਈਪ ਪਾਉਣ ਦਾ ਕੰਮ ਅਲਾਟ ਹੋਇਆ ਸੀ। ਉਹਨਾਂ ਇਹ ਵੀ ਦਸਿਆ ਕਿ ਆਦਰਸ਼ ਨਗਰ ਵਿੱਚ ਡਿਸਪੋਜ਼ਲ ਬਨਾਉਣ ਦਾ ਕੰਮ ਸਕੋਪ ਵਿੱਚ ਨਾ ਹੋਣ ਦੇ ਬਾਵਜੂਦ ਵੀ ਇਸਨੂੰ ਬਣਾ ਦਿੱਤਾ ਗਿਆ ਹੈ। ਇਸਤੋਂ ਇਲਾਵਾ ਤਕਰੀਬਨ 13.5 ਕਿਲੋਮੀਟਰ ਰਾਇਜ਼ਿੰਗ ਮੇਨ ਵੀ ਲਗਾ ਦਿੱਤੀ ਗਈ ਹੈ। ਬਾਕੀ 1.5 ਕਿਲੋਮੀਟਰ ਸੀਵਰੇਜ਼ ਪਾਈਪ ਪਾਉਣ ਦੇ ਮੁਬਲਿਗ 2.03 ਕਰੋੜ੍ਹ ਰੁਪਏ ਦੇ ਤਖਮੀਨੇ ਹੈਡ ਆਫਿਸ ਭੇਜੇ ਗਏ ਹਨ, ਜਿੰਨ੍ਹਾਂ ਦੇ ਜਲਦ ਹੀ ਟੈਂਡਰ ਲਗਾ ਕੇ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ।

ਕਾਰਜਕਾਰੀ ਮੇਅਰ-ਕਮ-ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਪਾਈਪ ਪਾਉਣ ਖਾਤਰ ਉਸ ਜਗ੍ਹਾ ਦੇ ਸਬੰਧਤ ਜਿੰਮੀਦਾਰਾਂ ਵੱਲੋਂ ਜਗ੍ਹਾ ਨਾ ਦੇਣ ਸਬੰਧੀ ਤੁਸੀ ਨਗਰ ਨਗਮ ਦੇ ਧਿਆਨ ਵਿੱਚ ਕਿਉਂ ਨਹੀਂ ਲਿਆਂਦਾ। ਲੋਕ ਬੇਵਜ੍ਹਾ ਪਰੇਸ਼ਾਨ ਹੋ ਰਹੇ ਹਨ। ਇਸ ਲਈ ਜਲਦ ਤੋਂ ਜਲਦ ਸਮੱਸਿਆ ਦਾ ਹੱਲ ਕੀਤਾ ਜਾਵੇ।

ਡਿਪਟੀ ਮੇਅਰ ਨੇ ਸੁਝਾਅ ਦਿੱਤਾ ਕਿ ਜੱਦ ਤੱਕ ਐਸ.ਟੀ.ਪੀ. ਦਾ ਕੰਮ ਪੂਰਾ ਨਹੀਂ ਹੋ ਜਾਂਦਾ, ਤੱਦ ਤੱਕ ਇਸ ਐਸ.ਟੀ.ਪੀ. ਦੇ ਆਸ-ਪਾਸ ਕੋਈ ਜਮੀਨ ਠੇਕੇ ਤੇ ਲੈ ਕੇ ਪੌਂਡ ਬਣਾ ਕੇ ਗੰਦੇ ਪਾਣੀ ਦੀ ਨਿਕਾਸੀ ਉਸ ਵਿੱਚ ਕੀਤੀ ਜਾਵੇ।

ਇਸਤੇ ਕਮਿਸ਼ਨਰ, ਨਗਰ ਨਿਗਮ, ਬਠਿੰਡਾ ਜੀ ਨੇ ਕਿਹਾ ਕਿ ਐਸ.ਟੀ.ਪੀ. ਦੇ ਨੇੜ੍ਹੇ ਜਮੀਨ ਲੱਭ ਕੇ 2-3 ਸਾਲਾਂ ਲਈ ਠੇਕੇ ਤੇ ਪੌਂਡ ਬਣਾ ਕੇ ਪਾਣੀ ਦੀ ਨਿਕਾਸੀ ਕੀਤੀ ਜਾਵੇ। ਉਹਨਾਂ ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਅਤੇ ਵਾਰਡ ਨੰਬਰ 50 ਦੇ ਕੌਂਸਲਰ ਸਾਹਿਬਾਨ ਨੂੰ ਜਲਦ ਤੋਂ ਜਲਦ ਜਮੀਨ ਠੇਕੇ ਤੇ ਲੈਣ ਲਈ ਲੱਭਣ ਨੂੰ ਕਿਹਾ।

ਸ਼੍ਰੀ ਬਲਜਿੰਦਰ ਸਿੰਘ, ਕੌਂਸਲਰ ਵਾਰਡ ਨੰਬਰ 30 ਨੇ ਤ੍ਰਿਵੇਣੀ ਕੰਪਨੀ ਦੇ ਨੁਮਾਇੰਦੇ ਸ਼੍ਰੀ ਸ਼੍ਰੀਨਿਵਾਸਨ ਵੱਲੋਂ ਫੋਨ ਨਾ ਚੁੱਕਣ ਸਬੰਧੀ ਦਸਿਆ। ਉਹਨਾਂ ਕਿਹਾ ਕਿ ਵਾਰ-ਵਾਰ ਬੇਨਤੀ ਕਰਨ ਦੇ ਬਾਵਜੂਦ ਵੀ ਉਹਨਾਂ ਦੇ ਵਾਰਡ ਵਿੱਚ ਡੀ-ਸਿਲਟਿੰਗ ਲਈ ਮਸ਼ੀਨ ਨਹੀਂ ਭੇਜੀ ਗਈ। ਇਸਤੋਂ ਇਲਾਵਾ ਚੰਦਸਰ ਬਸਤੀ ਦੀਆਂ ਰੋਡ ਜਾਲੀਆਂ ਦੀ ਸਫਾਈ ਵੀ ਹੋਣ ਵਾਲੀ ਹੈ। ਤ੍ਰਿਵੇਣੀ ਕੰਪਨੀ ਨੂੰ ਵਾਰ-ਵਾਰ ਕਹਿਣ ਦੇ ਬਾਵਜੂਦ ਵੀ ਕੰਮ ਨਹੀਂ ਹੁੰਦਾ।

ਡਿਪਟੀ ਮੇਅਰ ਨਗਰ ਨਿਗਮ ਬਠਿੰਡਾ ਜੀ ਨੇ ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਨੂੰ ਪੁੱਛਿਆ ਕਿ ਇਸ ਸਮੇਂ ਉਹਨਾਂ ਪਾਸ ਕਿੰਨੀਆਂ ਮਸ਼ੀਨਾਂ ਹਨ ਅਤੇ ਕਿੱਥੇ-ਕਿੱਥੇ ਖੜੀਆਂ ਹਨ? ਉਹਨਾਂ ਵੱਲੋਂ ਮਸ਼ੀਨਾਂ ਕੋਟਕਪੂਰਾ, ਮਲੋਟ ਜਾਂ ਰਾਮਪੁਰਾ ਫੂਲ ਕਿਉਂ ਭੇਜੀਆਂ ਜਾ ਰਹੀਆਂ ਹਨ? ਉਹਨਾਂ ਇਹ ਵੀ ਪੁੱਛਿਆ ਕਿ ਇਹ ਮਸ਼ੀਨਾਂ ਬਠਿੰਡਾ ਸ਼ਹਿਰ ਲਈ ਖਰੀਦ ਕੀਤੀਆਂ ਗਈਆਂ ਹਨ, ਜਾਂ ਸ਼ਹਿਰ ਤੋਂ ਬਾਹਰ ਲਈ?

ਕਾਰਜਕਾਰੀ ਇੰਜੀਨੀਅਰ -ਕਮ- ਸੀਨੀਅਰ ਡਿਪਟੀ ਮੇਅਰ ਨੇ ਪੁੱਛਿਆ ਕਿ ਇਹ ਮਸ਼ੀਨਾਂ ਸ਼ਹਿਰ ਤੋਂ ਬਾਹਰ ਕਿਸਦੀ ਮੰਨਜ਼ੂਰੀ ਨਾਲ ਭੇਜੀਆਂ ਜਾਂਦੀਆਂ ਹਨ? ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵੱਲੋਂ ਇਸਤੇ ਕੁੱਝ ਵੀ ਨਾ ਕਿਹਾ ਗਿਆ।

ਸ਼੍ਰੀ ਉਮੇਸ਼ ਗਰਗ, ਕੌਂਸਲਰ ਵਾਰਡ ਨੰਬਰ 32 ਨੇ ਦਸਿਆ ਕਿ ਪਿਛਲੇ 17 ਦਿਨਾਂ ਤੋਂ ਮਸ਼ੀਨ ਉਹਨਾਂ ਦੇ ਵਾਰਡ ਵਿੱਚ ਬੋਲ ਰਹੀ ਹੈ, ਜਦਕਿ ਅਜੇ ਤੱਕ ਮਸ਼ੀਨ ਭੇਜੀ ਹੀ ਨਹੀਂ ਗਈ। ਉਹਨਾਂ ਇਹ ਵੀ ਦਸਿਆ ਕਿ ਉਹਨਾਂ ਵਲੋਂ ਪਿਛਲੇ 15 ਦਿਨਾਂ ਤੋਂ 8" ਪਾਈਪ ਦਾ ਟੋਟਾ ਪਾਉਣ ਲਈ ਕਿਹਾ ਜਾ ਰਿਹਾ ਹੈ, ਪਰੰਤੂ ਇਹ ਵੀ ਨਹੀਂ ਪਾਇਆ ਜਾ ਰਿਹਾ। ਉਹਨਾਂ ਕਿਹਾ ਕਿ ਸ਼ਿਵ ਕਲੋਨੀ ਵਿਖੇ ਪਿਛਲੇ ਤਕਰੀਬਨ 2 ½ ਸਾਲਾਂ ਤੋਂ ਸੀਵਰੇਜ਼ ਸਬੰਧੀ ਸਮੱਸਿਆ ਆ ਰਹੀ ਹੈ।

ਇਸਤੇ ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਨੇ ਦਸਿਆ ਕਿ ਵਾਰਡ ਨੰਬਰ 32 ਦੀ ਸ਼ਿਵ ਕਲੋਨੀ ਵਿੱਚ ਡੀ-ਸਿਲਟਿੰਗ ਦਾ ਕੰਮ ਚੱਲ ਰਿਹਾ ਹੈ। ਉਹਨਾਂ ਇਹ ਵੀ ਕਿਹਾ ਕਿ 3 ਜੁਲਾਈ ਤੱਕ ਰਹਿੰਦਾ ਕੰਮ ਕਰਵਾ ਦਿੱਤਾ ਜਾਵੇਗਾ। ਇਸਤੋਂ ਇਲਾਵਾ 3-4 ਦਿਨਾਂ ਵਿੱਚ ਪਲੱਗ ਖੋਲਣ ਉਪਰੰਤ ਸਮੱਸਿਆ ਦਾ ਹੱਲ ਹੋ ਜਾਵੇਗਾ। ਇਸ ਜਗ੍ਹਾ ਨਵਾਂ ਸੀਵਰ ਪਾਉਣ ਸਬੰਧੀ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਨੇ ਕਿਹਾ ਕਿ ਬੁੱਧਵਾਰ ਤੱਕ ਟੈਂਡਰ ਲਗਾ ਦਿੱਤਾ ਜਾਵੇਗਾ।

ਸ਼੍ਰੀ ਉਮੇਸ਼ ਗਰਗ, ਕੌਂਸਲਰ ਨੇ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਬਰਾੜ ਬੰਧੂ ਵੱਡੇ ਪਾਰਕ ਵਿੱਚ ਸਫਾਈ ਦਾ ਬੁਰਾ ਹਾਲ ਹੈ। ਇਸ ਜਗ੍ਹਾ ਕੂੜ੍ਹੇ ਦਾ ਡੰਪ ਵੀ ਬਣਿਆ ਹੋਇਆ ਹੈ। ਇਸ ਪਾਰਕ ਵਿੱਚ ਲੱਗੇ ਪਾਪੂਲਰ ਦਰੱਖਤ ਤੋਂ ਵੀ ਬਹੁਤ ਜਿਆਦਾ ਖਤਰਾ ਹੈ। ਉਹਨਾਂ ਇਸ ਪਾਰਕ ਵਿੱਚ ਜਿੰਮ ਅਤੇ ਝੂੱਲੇ ਲਗਾਉਣ ਦੀ ਵੀ ਮੰਗ ਕੀਤੀ। ਇਸਤੇ ਡਿਪਟੀ ਮੇਅਰ, ਨਗਰ ਨਿਗਮ ਬਠਿੰਡਾ ਨੇ ਕਿਹਾ ਕਿ ਇਸ ਪਾਰਕ ਦੀ ਮੈਨਟੀਨੈਂਸ ਕਮੇਟੀ ਬਣੀ ਹੋਈ ਹੈ ਅਤੇ ਪਾਰਕ ਹੈਂਡ ਓਵਰ ਕੀਤਾ ਹੋਇਆ ਹੈ। ਪਹਿਲਾਂ ਉਸ ਕਮੇਟੀ ਪਾਸੋਂ ਕੰਮ ਕਰਵਾਇਆ ਜਾਵੇ।

ਤ੍ਰਿਵੇਣੀ ਕੰਪਨੀ ਦੇ ਨੁਮਾਇੰਦੇ ਸ਼੍ਰੀ ਸ਼੍ਰੀਨਿਵਾਸਨ ਨੇ ਦਸਿਆ ਕਿ ਤਿਆਰ ਕੀਤੇ ਸ਼ਡਿਊਲ ਮੁਤਾਬਿਕ ਹਰੇਕ ਵਾਰਡ ਵਿੱਚ ਡੀ-ਸਿਲਟਿੰਗ ਕਰਵਾਈ ਜਾ ਰਹੀ ਹੈ। ਇਸਤੇ ਸ਼੍ਰੀ ਬਲਜਿੰਦਰ ਸਿੰਘ, ਕੌਂਸਲਰ ਨੇ ਸ਼ਡਿਊਲ ਮੁਹਈਆ ਕਰਵਾਉਣ ਦੀ ਮੰਗ ਕੀਤੀ।

ਸ਼੍ਰੀ ਬੇਅੰਤ ਸਿੰਘ ਰੰਧਾਵਾਂ, ਕੌਂਸਲਰ ਵਾਰਡ ਨੰਬਰ 6 ਨੇ ਕਿਹਾ ਕਿ ਬਰਸਾਤਾਂ ਤੋਂ ਪਹਿਲਾਂ ਇੰਜਣ ਦਾ ਪ੍ਰਬੰਧ ਕੀਤਾ ਜਾਵੇ ਤਾਂ ਜੋ ਬਰਸਾਤਾਂ ਦੌਰਾਨ ਕਿਸੇ ਕਿਸਮ ਦੀ ਕੋਈ ਦਿੱਕਤ ਨਾ ਆਵੇ। ਉਹਨਾਂ ਕਿਹਾ ਕਿ ਜ਼ੋਨ ਨੰਬਰ 4 ਵਿਚ ਕਮਲਾ ਨਹਿਰੂ ਕਲੋਨੀ ਦੀਆਂ ਸਿਰਫ 40-50 ਰੋਡ ਜਾਲੀਆਂ ਹੀ ਤ੍ਰਿਵੇਣੀ ਕੰਪਨੀ ਵੱਲੋਂ ਸਾਫ ਕੀਤੀਆਂ ਜਾਂਦੀਆਂ ਹਨ, ਜਦਕਿ ਬਾਕੀ ਦੀਆਂ ਰੋਡ ਜਾਲੀਆਂ ਸਾਫ ਹੋਣ ਤੋਂ ਰਹਿਣ ਕਾਰਨ ਲੋਕਾਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਪੁੱਛਿਆ ਕਿ ਨਾਰਥ ਅਸਟੇਟ ਦੀਆਂ ਰੋਡ ਜਾਲੀਆਂ ਦੀ ਸਫਾਈ ਦਾ ਕੰਮ ਤ੍ਰਿਵੇਣੀ ਕੰਪਨੀ ਵੱਲੋਂ ਕੀਤਾ ਜਾਵੇਗਾ ਜਾਂ ਨਗਰ ਨਿਗਮ ਵੱਲੋਂ? ਉਹਨਾਂ ਇਹ ਵੀ ਕਿਹਾ

ਕਿ ਉਹਨਾਂ ਦੇ ਵਾਰਡ ਵਿੱਚੋਂ ਪਿਛਲੇ 4-5 ਦਿਨਾਂ ਤੋਂ ਕੂੜ੍ਹਾ ਨਾ ਚੁੱਕੇ ਜਾਣ ਕਾਰਨ ਵੀ ਲੋਕਾਂ ਨੂੰ ਦਿੱਕਤਾਂ ਆ ਰਹੀਆਂ ਹਨ। ਉਹਨਾਂ ਕਿਹਾ ਕਿ ਜੇਕਰ ਟਿੱਪਰਾਂ ਰਾਹੀਂ ਕੂੜ੍ਹਾ ਨਹੀਂ ਚੁੱਕਿਆ ਜਾਂਦਾ ਤਾਂ ਨਗਰ ਨਿਗਮ ਦੀਆਂ ਟਰਾਲੀਆਂ ਲਗਾ ਕੇ ਕੂੜ੍ਹਾ ਚੁੱਕਵਾਇਆ ਜਾਵੇ।

ਸ਼੍ਰੀ ਸੁਖਦੇਵ ਸਿੰਘ ਭੁੱਲਰ, ਕੌਂਸਲਰ ਵਾਰਡ ਨੰਬਰ 4 ਨੇ ਦਸਿਆ ਕਿ ਉਹਨਾਂ ਦੇ ਵਾਰਡ ਵਿਖੇ ਸ਼ਕਤੀ ਵਿਹਾਰ, ਗਲੀ ਨੰਬਰ 10/6 ਅਤੇ ਨੈਸ਼ਨਲ ਕਲੋਨੀ ਵਿੱਚ ਪਿਛਲੇ 15 ਦਿਨਾਂ ਤੋਂ ਸੀਵਰ ਬਲਾਕ ਪਿਆ ਹੈ। ਉਹਨਾਂ ਜਲਦ ਤੋਂ ਜਲਦ ਸਮੱਸਿਆ ਦਾ ਹੱਲ ਕਰਨ ਦੀ ਮੰਗ ਕੀਤੀ।

ਸ਼੍ਰੀ ਬਲਰਾਜ ਸਿੰਘ, ਕੌਂਸਲਰ ਵਾਰਡ ਨੰਬਰ 16 ਨੇ ਪਿਛਲੀ ਹਾਊਸ ਦੀ ਮੀਟਿੰਗ ਕੀਤੇ ਕਈ ਮਹੀਨੇ ਹੋ ਗਏ ਹਨ। ਉਹਨਾਂ ਦਸਿਆ ਕਿ ਮਾਨਸਾ ਰੋਡ ਦੀ ਡੀ-ਸਿਲਟਿੰਗ ਹੋਣ ਵਾਲੀ ਹੈ। ਉਹਨਾਂ ਕਿਹਾ ਕਿ ਜੇਕਰ ਡੀ-ਸਿਲਟਿੰਗ ਨਾ ਕੀਤੀ ਗਈ ਤਾਂ ਉਹ ਧਰਨਾ ਦੇਣਗੇ। ਉਹਨਾਂ ਦਸਿਆ ਕਿ ਗੁਰੂ ਰਾਮ ਦਾਸ ਨਗਰ ਵਿਖੇ ਨਵੀਂ ਡਿਸਪੋਜ਼ਲ ਬਣਾਈ ਗਈ ਹੈ। ਪਰੰਤੂ ਇਸ ਡਿਸਪੋਜ਼ਲ ਤੇ ਕੋਈ ਮੋਟਰ ਚਲਾਉਣ ਵਾਲਾ ਨਹੀਂ ਹੈ। ਇਸਤੋਂ ਇਲਾਵਾ ਹਰਬੰਸ ਨਗਰ ਡਿਸਪੋਜ਼ਲ ਤੇ 50-50 ਹਾਰਸ ਪਾਵਰ ਦੀਆਂ ਦੋ ਮੋਟਰਾਂ ਪਿਛਲੇ ਇੱਕ ਮਹੀਨੇ ਤੋਂ ਨਹੀਂ ਚੱਲ ਰਹੀਆਂ। ਇਸ ਡਿਸਪੋਜ਼ਲ ਤੇ ਸਿਰਫ ਇੱਕ 60 ਹਾਰਸ ਪਾਵਰ ਦੀ ਮੋਟਰ ਹੀ ਚਲਾਈ ਜਾ ਰਹੀ ਹੈ। ਮੋਟਰਾਂ ਬੰਦ ਹੋਣ ਕਾਰਨ ਸਾਰਾ ਪਾਣੀ ਐਸ.ਟੀ.ਪੀ. ਵਿੱਚ ਨਹੀਂ ਜਾ ਰਿਹਾ। ਇਸ ਨਾਲ ਸਾਰਾ ਗੰਦਾ ਪਾਣੀ ਧਰਤੀ ਵਿੱਚ ਮਿਕਸ ਹੋ ਰਿਹਾ ਹੈ। ਉਹਨਾਂ ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਖਿਲਾਫ ਮਤਾ ਪਾਉਣ ਦੀ ਮੰਗ ਕੀਤੀ। ਉਹਨਾਂ ਮਾਨਸਾ ਰੋਡ ਤੇ ਅਮਡਰਬਰਿਜ਼ ਤੇ ਜੈਨਰੇਟਰ ਸਥਾਪਤ ਕਰਨ ਦੀ ਮੰਗ ਵੀ ਕੀਤੀ।

ਇਸਤੇ ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਨੇ ਕਿਹਾ ਕਿ ਮੰਡਲ ਨੰਬਰ 1 ਦਾ ਅਡੀਸ਼ਨਲ ਚਾਰਜ਼ ਉਹਨਾਂ ਪਾਸ ਹੈ। ਇਸਤੇ ਕਾਰਜਕਾਰੀ ਮੇਅਰ-ਕਮ-ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਤੁਸੀ ਲਿਖ ਕੇ ਦੇ ਦਿਉ ਕਿ ਤੁਸੀ ਬਠਿੰਡਾ ਨਹੀਂ ਸਾਂਭ ਸਕਦੇ।

ਸ਼੍ਰੀ ਮੱਖਣ ਸਿੰਘ, ਕੌਂਸਲਰ, ਵਾਰਡ ਨੰਬਰ 20 ਨੇ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਗੁਰਦੁਆਰਾ ਸਾਹਿਬ ਦੇ ਸਾਹਮਣੇ ਸੀਵਰੇਜ਼ ਦਾ ਬਹੁਤ ਬੁਰਾ ਹਾਲ ਹੈ। ਅਮਰਪੁਰਾ ਬਸਤੀ ਵਿਖੇ ਪੀਣ ਵਾਲੇ ਪਾਣੀ ਵਿੱਚ ਵੀ ਸੀਵਰੇਜ਼ ਦਾ ਗੰਦਾ ਪਾਣੀ ਮਿਕਸ ਹੋ ਕੇ ਆ ਰਿਹਾ ਹੈ। ਉਹਨਾਂ ਕਿਹਾ ਕਿ ਇਸ ਵਾਰਡ ਵਿੱਚ 32" ਸੀਵਰ ਪਾਉਣ ਦੇ ਬਾਵਜੂਦ ਵੀ ਇਸਦਾ ਬੁਰਾ ਹਾਲ ਹੈ। ਸ਼੍ਰੀ ਵਿਕਰਮ ਕ੍ਰਾਂਤੀ, ਕੌਂਸਲਰ ਵਾਰਡ ਨੰਬਰ 18 ਨੇ ਦਸਿਆ ਕਿ ਬੰਗੀ ਨਗਰ ਵਿਖੇ ਵੀ ਪੀਣ ਵਾਲੇ ਪਾਣੀ ਵਿੱਚ ਸੀਵਰੇਜ਼ ਦਾ ਪਾਣੀ ਮਿਕਸ ਹੋ ਕੇ ਆ ਰਿਹਾ ਹੈ।

ਇਸਤੇ ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਨੇ ਕਿਹਾ ਕਿ ਸਾਰੇ ਸ਼ਹਿਰ ਦੀ ਡੀ-ਸਿਲਟਿੰਗ ਦਾ ਸ਼ਡਿਊਲ ਬਣਿਆ ਹੋਇਆ ਹੈ। ਸ਼ਡਿਊਲ ਮੁਤਾਬਿਕ ਮਿਤੀ 23.07.2024 ਤੱਕ ਡੀ-ਸਿਲਟਿੰਗ ਕਰਵਾ ਦਿੱਤੀ ਜਾਵੇਗੀ।

ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਨਗਰ ਨਿਗਮ ਦੇ ਜੂਨੀਅਰ ਇੰਜੀਨੀਅਰ ਸ਼੍ਰੀ ਪਵਨ ਕੁਮਾਰ ਅਤੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀ ਸ਼੍ਰੀ ਵਿਕਰਮ ਦੀ ਡਿਊਟੀ ਲਗਾਉਂਦੇ ਹੋਏ ਹਦਾਇਤ ਕੀਤੀ ਕਿ ਅਮਰਪੁਰਾ ਬਸਤੀ ਵਿਖੇ ਪੀਣ ਵਾਲੇ ਪਾਣੀ ਵਿੱਚ ਸੀਵਰੇਜ਼ ਦਾ ਪਾਣੀ ਮਿਕਸ ਹੋਣ ਸਬੰਧੀ ਜਲਦ ਤੋਂ ਜਲਦ ਹੱਲ ਕੀਤਾ ਜਾਵੇ। ਉਹਨਾਂ ਇਹ ਵੀ ਕਿਹਾ ਕਿ ਕਿਸੇ ਵੀ ਕੀਮਤ ਤੇ ਮਿਕਸਿੰਗ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਸ਼੍ਰੀ ਹਰਪਾਲ ਸਿੰਘ ਢਿੱਲੋਂ, ਕੌਂਸਲਰ, ਵਾਰਡ ਨੰਬਰ 8 ਨੇ ਕਿਹਾ ਕਿ ਜ਼ੋਨ ਨੰਬਰ 2 ਵਿੱਚ ਰੋਡ ਜਾਲੀਆਂ ਦੀ ਸਫਾਈ ਦਾ ਕੰਮ ਹੋਣ ਵਾਲਾ ਹੈ। ਉਹਨਾਂ ਦਸਿਆ ਕਿ ਤ੍ਰਿਵੇਣੀ ਦੇ ਸਕੋਪ ਵਿੱਚ ਸਿਰਫ 2500 ਰੋਡ ਜਾਲੀਆਂ ਹੋਣ ਕਾਰਨ ਉਹਨਾਂ ਦੇ ਵਾਰਡ ਵਿੱਚ ਰੋਡ ਜਾਲੀਆਂ ਦੀ ਸਫਾਈ ਦਾ ਕੰਮ ਨਹੀਂ ਹੋ ਪਾਉਂਦਾ। ਉਹਨਾਂ ਕਿਹਾ ਕਿ ਸਾਡੇ ਸੀਨੀਅਰ ਨੂੰ ਵੀ ਨਹੀਂ ਪਤਾ ਕਿ ਸੀਵਰੇਜ਼ ਬੋਰਡ ਦੇ ਅਧਿਕਾਰੀ ਸ਼ਹਿਰ ਵਿੱਚ ਸੀਵਰੇਜ਼ ਦੀ ਸਮੱਸਿਆ ਦੇ ਹੱਲ ਲਈ ਕੀ ਕਰ ਰਹੇ ਹਨ। ਇਹ ਸਿਰਫ ਕਮਰਿਆਂ ਵਿੱਚ ਬੈਠ ਕੇ ਪੇਪਰ ਵਰਕ ਹੀ ਕਰਦੇ ਹਨ। ਜੇਕਰ ਕੋਈ ਸ਼ਡਿਊਲ ਤਿਆਰ ਕੀਤਾ ਗਿਆ ਹੈ ਤਾਂ ਗਰਾਊਂਡ ਤੇ ਕੰਮ ਕਿਉਂ ਨਹੀਂ ਕੀਤਾ ਜਾ ਰਿਹਾ? ਇਸਤੇ ਡਿਪਟੀ ਮੇਅਰ ਨੇ ਜਵਾਬ ਦਿੱਤਾ ਕਿ ਇਸ ਸਬੰਧੀ ਪਤਾ ਲੱਗਣ ਤੇ ਨਾਲ ਦੀ ਨਾਲ ਹੀ ਮੀਟਿੰਗ ਬੁਲਾਈ ਗਈ ਹੈ। ਸ਼੍ਰੀ ਹਰਪਾਲ ਸਿੰਘ ਕੌਂਸਲਰ ਨੇ ਕਿਹਾ ਕਿ ਇਸ ਸਬੰਧੀ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਪਾਸੋਂ ਲਿਖਤੀ ਰੂਪ ਵਿੱਚ ਜਵਾਬ ਲਿਆ ਜਾਵੇ ਅਤੇ ਇਹਨਾਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ। ਉਹਨਾਂ ਜੁਝਾਰ ਸਿੰਘ ਨਗਰ ਵਿਖੇ ਸਫਾਈ ਕਰਵਾਉਣ ਦੀ ਮੰਗ ਵੀ ਕੀਤੀ।

ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਜ਼ੋਨ ਨੰਬਰ 2 ਅਤੇ 4 ਦੀਆਂ ਰੋਡ ਜਾਲੀਆਂ ਦੀ ਸਫਾਈ ਦਾ ਕੰਮ ਨਗਰ ਨਿਗਮ ਵੱਲੋਂ ਆਪਣੇ ਪੱਧਰ ਤੇ ਕਰਵਾਇਆ ਜਾਵੇਗਾ। ਉਹਨਾਂ ਇਹ ਵੀ ਦਸਿਆ ਕਿ ਇਲੈਕਸ਼ਨ ਕੋਡ ਦੇ ਲੱਗੇ ਹੋਣ ਕਾਰਨ ਟੈਂਡਰ ਲਗਾਉਣ ਵਿੱਚ ਦੇਰੀ ਹੋ ਗਈ ਹੈ। ਇਸਤੋਂ ਇਲਾਵਾ

ਪੰਜਾਬ ਵਿੱਚ ਇਲੈਕਸ਼ਨ ਵੀ ਸੱਭ ਤੋਂ ਬਾਅਦ ਵਿੱਚ ਹੋਏ ਹਨ। ਇਸ ਕਾਰਨ ਕੰਮ ਕਰਵਾਉਣ ਵਿੱਚ ਦੇਰੀ ਹੋਈ ਹੈ।

ਸ਼੍ਰੀ ਹਰਵਿੰਦਰ ਸਿੰਘ , ਕੌਂਸਲਰ ਵਾਰਡ ਨੰਬਰ 36 ਨੇ ਕਿਹਾ ਕਿ ਸੀਵਰੇਜ਼ ਸਬੰਧੀ ਦਿਨ ਬ ਦਿਨ ਵੱਧ ਰਹੀ ਸਮੱਸਿਆ ਲਈ ਅਫਸਰ, ਮੇਅਰ ਦੇ ਨਾਲ-ਨਾਲ ਸਰਕਾਰ ਵੀ ਜਿੰਮੇਵਾਰ ਹੈ। ਉਹਨਾਂ ਆਪਣੇ ਵਾਰਡ ਵਿੱਚ ਸੀਵਰੇਜ਼ ਸਬੰਧੀ ਲਿਖਤੀ ਰੂਪ ਵਿੱਚ ਪੱਤਰ ਦਿੱਤਾ। ਇਸ ਉਪਰੰਤ ਉਨ੍ਹਾਂ ਤ੍ਰਿਵੇਣੀ ਕੰਪਨੀ ਵੱਲੋਂ ਵਾਰ-ਵਾਰ ਕਹਿਣ ਦੇ ਬਾਵਜੂਦ ਕੰਮ ਨਾ ਕਰਨ ਖਾਤਰ ਉਹਨਾਂ ਦੇ ਨੁਮਾਇੰਦੇ ਸ਼੍ਰੀ ਸ਼੍ਰੀਨਿਵਾਸਨ ਨੂੰ ਹਾਰ ਪਾਇਆ। ਸ਼੍ਰੀ ਹਰਵਿੰਦਰ ਸਿੰਘ, ਕੌਂਸਲਰ ਨੇ ਕਿਹਾ ਕਿ ਜਿਸ ਦਿਨ ਤੋਂ ਤ੍ਰਿਵੇਣੀ ਕੰਪਨੀ ਬਠਿੰਡਾ ਆਈ ਹੈ, ਉਹਨਾ ਸੱਭ ਤੋਂ ਪਹਿਲਾਂ ਅਕਾਲੀ ਦਲ ਸਰਕਾਰ ਨੂੰ ਹਰਾਇਆ, ਫਿਰ ਕਾਂਗਰਸ ਸਰਕਾਰ ਨੂੰ ਅਤੇ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਹਰਾਇਆ। ਉਹਨਾਂ ਦਸਿਆ ਕਿ ਬਰਸਾਤਾਂ ਦਾ ਮੌਸਮ ਸ਼ੁਰੂ ਹੋਣ ਵਾਲਾ ਹੈ। ਸ਼ਹਿਰ ਵਿੱਚ ਡੀ-ਸਿਲਟਿੰਗ ਕਰਨਾ ਸੱਭ ਤੋਂ ਮੇਨ ਕੰਮ ਹੈ। ਉਹਨਾਂ ਇਹ ਵੀ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਸੀਵਰ ਦਾ ਗੰਦਾ ਪਾਣੀ ਰੋਡ ਜਾਲੀਆਂ ਰਾਹੀਂ ਓਵਰਫਲੋਂ ਹੋ ਕੇ ਬਾਹਰ ਆ ਰਿਹਾ ਹੈ। ਇੱਕ ਰੋਡ ਜਾਲੀ ਦੀ ਸਫਾਈ ਕਰਨ ਤੇ ਤਿੰਨ ਦਿਨ ਲੱਗ ਜਾਂਦੇ ਹਨ। ਉਹਨਾਂ ਕਿਹਾ ਕਿ ਬਰਸਾਤਾਂ ਦੇ ਮੌਸਮ ਨੂੰ ਦੇਖਦੇ ਹੋਏ ਯੋਗ ਹੋਵੇਗਾ ਕਿ ਇਹਨਾਂ ਦਿਨਾਂ ਖਾਤਰ ਸੀਵਰੇਜ਼ ਦੀ ਸਫਾਈ ਲਈ 10-20 ਨਵੇਂ ਵਰਕਰ ਰੱਖ ਲਏ ਜਾਣ। ਉਹਨਾਂ ਦਸਿਆ ਕਿ ਜਨਤਾ ਨਗਰ ਦੀ ਗਲੀ ਨੰਬਰ 7 ਅਤੇ 8 ਵਿੱਚ ਡੈਅਰੀਆਂ ਵਾਲਿਆਂ ਵੱਲੋਂ ਬਹੁਤ ਜਿਆਦਾ ਗੰਦ ਪਾਇਆ ਜਾ ਰਿਹਾ ਹੈ। ਇੰਨ੍ਹਾਂ ਕਰਕੇ ਸਾਰਾ ਸੀਵਰੇਜ਼ ਸਿਸਟਮ ਜਾਮ ਹੋ ਜਾਂਦਾ ਹੈ। ਉਹਨਾਂ ਜਲਦ ਤੋਂ ਜਲਦ ਡੈਅਰੀਆਂ ਵਾਲਿਆਂ ਦੇ ਖਿਲਾਫ ਬਣਦੀ ਕਾਰਵਾਈ ਕਰਨ ਦੀ ਮੰਗ ਕੀਤੀ। ਉਹਨਾਂ ਇਹ ਵੀ ਮੰਗ ਕੀਤੀ ਕਿ ਡਿਸਪੋਜ਼ਲ ਤੇ ਜੈਨਰੇਟਰ ਅਤੇ ਬਿਜਲੀ ਦਾ ਪ੍ਰਬੰਧ ਕੀਤਾ ਜਾਵੇ।

ਸ਼੍ਰੀ ਆਤਮਾ ਸਿੰਘ, ਕੌਂਸਲਰ ਵਾਰਡ ਨੰਬਰ 40 ਨੇ ਕਿਹਾ ਕਿ ਮਾਰਚ 2021 ਵਿੱਚ ਉਹਨਾਂ ਦੇ ਵਾਰਡ ਵਿੱਚ ਨਵਾਂ ਸੀਵਰ ਪਾਉਣ ਦਾ ਮਤਾ ਪਾਸ ਹੈ। ਪਰੰਤੂ ਅਜੇ ਤੱਕ ਕੰਮ ਸ਼ੁਰੂ ਨਹੀਂ ਕੀਤਾ ਗਿਆ। ਉਹਨਾਂ ਕਿਹਾ ਕਿ ਅੱਜ ਇਹ ਮੀਟਿੰਗ ਬੁਲਾਉਣ ਦੀ ਨੌਬਤ ਹੀ ਕਿਉਂ ਆਈ। ਉਹਨਾਂ ਸੀਨੀਅਰ ਡਿਪਟੀ ਮੇਅਰ ਨੂੰ ਪੁੱਛਿਆ ਕਿ ਤੁਸੀ ਕਦੇ ਲੋਕਾਂ ਵਿੱਚ ਗਏ ਵੀ ਹੋ? ਉਹਨਾਂ ਕਿਹਾ ਕਿ ਮੈਂ ਵਾਰਡ ਨੰਬਰ 40 ਦਾ ਚੁਣਿਆ ਹੋਇਆ ਕੌਂਸਲਰ ਹਾਂ। ਪਰੰਤੂ ਤੁਸੀ ਮੈਨੂੰ ਨਾਲ ਨਹੀਂ ਲਿਆ ਗਿਆ।

ਸ਼੍ਰੀ ਵਿਕਰਮ ਕ੍ਰਾਂਤੀ, ਕੌਂਸਲਰ, ਵਾਰਡ ਨੰਬਰ 18 ਨੇ ਮੀਟਿੰਗ ਵਿੱਚ ਆਪਣੇ ਮੋਬਾਇਲ ਤੇ ਵੀਡਿਉ ਦਿਖਾਉਂਦੇ ਹੋਏ ਕਿਹਾ ਕਿ ਕੈਨਾਲ ਕਲੋਨੀ ਡਿਸਪੋਜ਼ਲ ਦਾ ਪਾਣੀ ਲਗਾਤਾਰ ਲੋਕਾਂ ਦੇ ਘਰਾਂ ਦੇ ਥੱਲਿਓ ਨਿਕਲ ਰਿਹਾ ਹੈ। ਇਸ ਨਾਲ ਇਹ ਘਰ ਕਦੇ ਵੀ ਡਿਗ ਸਕਦੇ ਹਨ। ਉਨ੍ਹਾਂ ਪੁੱਛਿਆ ਕਿ ਜੇਕਰ ਕੋਈ ਘਰ ਡਿਗ ਜਾਂਦਾ ਹੈ ਤਾਂ ਉਸਦਾ ਜਿੰਮੇਵਾਰ ਕੌਣ ਹੋਵੇਗਾ? ਇਸਤੋਂ ਇਲਾਵਾ ਬਲਰਾਜ ਨਗਰ ਵਿਖੇ ਰੇਲਵੇ ਲਾਈਨ ਦੇ ਕਿਨਾਰੇ-ਕਿਨਾਰੇ ਨਾਲੇ ਦੇ ਓਵਰਫਲੋਂ ਹੋਣ ਕਾਰਨ ਵੀ ਲੋਕਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਆਪਣੀ ਬਾਂਹ ਤੇ ਬੰਨੀ ਹੋਈ ਕਾਲੀ ਪੱਟੀ ਦਿਖਾਉਂਦੇ ਹੋਏ ਕਿਹਾ ਕਿ ਜੱਦ ਤੱਕ ਉਹਨਾਂ ਦੇ ਵਾਰਡ ਵਿੱਚ ਸੀਵਰੇਜ਼ ਸਬੰਧੀ ਸਮੱਸਿਆਂਵਾਂ ਦਾ ਹੱਲ ਨਹੀਂ ਕੀਤਾ ਜਾਂਦਾ, ਤੱਦ ਤੱਕ ਉਹ ਕਾਲੀ ਪੱਟੀ ਨਹੀਂ ਉਤਾਰਨਗੇ।

ਸ਼੍ਰੀ ਸੁਰੇਸ਼ ਕੁਮਾਰ, ਕੌਂਸਲਰ ਵਾਰਡ ਨੰਬਰ 22 ਨੇ ਕਿਹਾ ਕਿ ਨਗਰ ਨਿਗਮ ਵੱਲੋਂ ਆਵਾ ਬਸਤੀ ਮੇਨ ਰੋਡ ਬੜੀ ਹੀ ਸਾਫ ਸੁਥਰੀ ਬਣਾਈ ਗਈ ਸੀ ਅਤੇ ਇਸ ਸੜ੍ਹਕ ਦੇ ਆਸੇ-ਪਾਸੇ ਬੁੱਟੇ ਵੀ ਲਗਾਏ ਗਏ ਸਨ। ਪਰੰਤੂ ਸੀਵਰੇਜ਼ ਦੇ ਗੰਦੇ ਪਾਣੀ ਦੇ ਖੜ੍ਹੇ ਹੋਣ ਕਾਰਨ ਇਸ ਸੜ੍ਹਕ ਤੇ 4-4 ਫੁੱਟ ਦੇ ਖੱਡੇ ਪੈ ਚੁੱਕੇ ਹਨ। ਇਸਤੋਂ ਇਲਾਵਾ ਬੁੱਟੇ ਵੀ ਮਰ ਗਏ ਹਨ। ਉਹਨਾਂ ਗੰਦੇ ਪਾਣੀ ਨਾਲ 5-6 ਬੁੱਟੇ ਮਰਨ ਸਬੰਧੀ ਸਬੰਧਤ ਅਧਿਕਾਰੀਆਂ ਤੇ ਕਾਰਵਾਈ ਕਰਨ ਦੀ ਮੰਗ ਕੀਤੀ। ਉਹਨਾਂ ਕਿਹਾ ਕਿ ਆਵਾ ਬਸਤੀ ਗਲੀ ਨੰਬਰ 23 ਅਤੇ 8 ਵਿੱਚ ਸੀਵਰੇਜ਼ ਦੀ ਆ ਰਹੀ ਸਮੱਸਿਆ ਬਾਰੇ ਸਬੰਧਤ ਅਧਿਕਾਰੀਆਂ ਨੂੰ ਵੀਡਿਉ ਵੀ ਭੇਜੀ ਗਈ ਸੀ। ਪਰੰਤੂ ਕੰਮ ਨਾ ਹੋਣ ਕਾਰਨ ਲੋਕਾਂ ਨੂੰ ਦਿੱਕਤ ਆ ਰਹੀ ਹੈ। ਉਹਨਾਂ ਆਵਾ ਬਸਤੀ ਮੇਨ ਰੋਡ ਦੀ ਡੀ-ਸਿਲਟਿੰਗ ਕਰਨ ਦੀ ਵੀ ਮੰਗ ਕੀਤੀ। ਉਹਨਾਂ ਦਸਿਆ ਕਿ ਬੰਗੀ ਨਗਰ, ਬਲਰਾਜ ਨਗਰ ਓਤੇ ਸੰਜੇ ਨਗਰ ਵਿੱਚ ਪੀਣ ਵਾਲੇ ਪਾਣੀ ਵਿੱਚ ਸੀਵਰੇਜ਼ ਦਾ ਪਾਣੀ ਮਿਕਸ ਹੋ ਕੇ ਆ ਰਿਹਾ ਹੈ। ਉਹਨਾਂ ਕਿਹਾ ਕਿ ਪਾਣੀ ਦੇ ਮਿਕਣ ਹੋਣ ਕਾਰਨ ਲੋਕ ਬੀਮਾਰ ਹੋ ਰਹੇ ਹਨ। ਉਹਨਾਂ ਇਸ ਨਾਲ ਲੋਕਾਂ ਨੂੰ ਗੁਰਦਿਆਂ, ਦਿਲ ਅਤੇ ਗੋਡਿਆਂ ਦੀਆਂ ਬੀਮਾਰੀਆਂ ਹੋਣ ਸਬੰਧੀ ਦਸਿਆ। ਉਹਨਾਂ ਕਿਹਾ ਕਿ ਪਹਿਲਾਂ ਨਗਰ ਨਿਗਮ ਵੱਲੋਂ ਪੀਣ ਵਾਲਾ ਸਾਫ ਸੁਥਰਾ ਪਾਣੀ ਟੈਂਕਰਾਂ ਰਾਹੀਂ ਮੁੱਹਈਆ ਕਰਵਾਇਆ ਜਾਂਦਾ ਸੀ। ਪਰੰਤੂ ਹੁਣ ਨਗਰ ਨਿਗਮ ਵੱਲੋਂ ਇਹ ਟੈਂਕਰ ਬੰਦ ਕਰ ਦਿੱਤੇ ਗਏ ਹਨ। ਉਹਨਾਂ ਜਲਦ ਤੋਂ ਜਲਦ ਦੁਬਾਰਾ ਇਹ ਟੈਂਕਰ ਚਲਾਉਣ ਦੀ ਮੰਗ ਕੀਤੀ।

ਸ਼੍ਰੀ ਸ਼ਾਮ ਲਾਲ ਗਰਗ, ਕੌਂਸਲਰ ਵਾਰਡ ਨੰਬਰ 24 ਨੇ ਕਿਹਾ ਕਿ ਬਾਬਾ ਦੀਪ ਸਿੰਘ ਨਗਰ ਵਿਖੇ ਪਿਛਲੇ ਤਕਰੀਬਨ 15 ਦਿਨਾਂ ਤੋਂ ਸੀਵਰੇਜ਼ ਦੇ ਬੰਦ ਹੋਣ ਦੀ ਸਮੱਸਿਆ ਹੋਣ ਕਾਰਨ ਲੋਕਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਕਿਹਾ ਕਿ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ/ ਕਰਮਚਾਰੀਆਂ ਵੱਲੋਂ ਜਾਣ-ਬੁੱਝ ਕੇ ਤੰਗ ਕੀਤਾ ਜਾ ਰਿਹਾ ਹੈ। ਉਹਨਾਂ ਦਸਿਆ ਕਿ ਉਹ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਸਮੱਸਿਆ ਦਸਣ ਦੇ ਬਾਵਜੂਦ ਉਹਨਾਂ ਵੱਲੋਂ ਹੱਲ ਨਾ ਕਰਨ ਤੇ ਆਪਣੇ ਪੱਧਰ ਤੇ ਹੱਲ ਕਰਾਉਣਾ ਪਿਆ। ਉਹਨਾਂ ਕਿਹਾ ਕਿ ਡਿਸਪੋਜ਼ਲ ਤੋਂ ਗੰਦਾ ਪਾਣੀ

ਲਗਾਤਾਰ ਓਵਰਫਲੌ ਹੋ ਕੇ ਆ ਰਿਹਾ ਹੈ। ਉਹਨਾਂ ਇਹ ਵੀ ਦਸਿਆ ਕਿ 0 ਨੰਬਰ ਗਲੀ ਹਰ ਵੇਲੇ ਬਲਾਕ ਰਹਿੰਦੀ ਹੈ। ਨਗਰ ਨਿਗਮ ਵੱਲੋਂ ਆਪਣੇ ਫੰਡਾਂ ਨਾਲ ਇਸ ਗਲੀ ਦਾ 3-4 ਵਾਰ ਨਿਰਮਾਣ ਕੀਤਾ ਗਿਆ ਹੈ। ਪਰੰਤੂ ਸੀਵਰੇਜ਼ ਦੀ ਸਮੱਸਿਆ ਹੋਣ ਕਾਰਨ ਗਲੀ ਦਾ ਬੁਰਾ ਹਾਲ ਹੈ। ਸੁਪਰਵਾਇਜ਼ਰ ਨੂੰ ਫੋਨ ਕਰਨ ਤੇ ਉਹ ਕਹਿੰਦਾ ਹੈ ਕਿ ਇਹ ਸਮੱਸਿਆ ਤ੍ਰਿਵੇਣੀ ਕੰਪਨੀ ਦੇ ਨੁਮਾਇੰਦੇ ਸ਼੍ਰੀ ਸ਼੍ਰੀਨਿਵਾਸਨ ਦੇ ਧਿਆਨ ਵਿੱਚ ਹੈ। ਉਹਨਾਂ ਕਿਹਾ ਕਿ ਜਾਣ-ਬੁੱਝ ਕੇ ਸਮੱਸਿਆਵਾਂ ਪੈਦਾ ਕੀਤੀਆਂ ਜਾ ਰਹੀਆਂ ਹਨ। ਉਹਨਾਂ ਨੇ ਆਪਣੇ ਵਾਰਡ ਵਿੱਚ ਡੀ-ਸਿਲਟਿੰਗ ਕਰਵਾਉਣ ਅਤੇ ਰੋਡ ਜਾਲੀਆਂ ਦਾ ਸ਼ਡਿਊਲ ਜਾਰੀ ਕਰਨ ਦੀ ਮੰਗ ਕੀਤੀ। ਡਿਪਟੀ ਮੇਅਰ, ਨਗਰ ਨਿਗਮ ਬਠਿੰਡਾ ਨੇ ਦਸਿਆ ਕਿ ਸ਼ਹਿਰ ਵਿੱਚ ਦਿਨ ਬ ਦਿਨ ਵੱਧ ਰਹੀਆਂ ਸੀਵਰੇਜ਼ ਸਬੰਧੀ ਸਮੱਸਿਆਵਾਂ ਬਾਰੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਕਿਸੇ ਵੀ ਅਧਿਕਾਰੀ ਵੱਲੋਂ ਸੁਪਰਵੀਜ਼ਨ ਨਹੀਂ ਕੀਤੀ ਜਾ ਰਹੀ। ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਵਾਰਡ ਵਿੱਚ ਆ ਰਹੀਆਂ ਸਮੱਸਿਆਵਾਂ ਚੈਕ ਕਰਵਾ ਕੇ ਬਣਦਾ ਹੱਲ ਕੀਤਾ ਜਾਵੇਗਾ।

ਸ਼੍ਰੀ ਅਸ਼ੇਸ਼ਰ ਪਾਸਵਾਨ, ਕੌਂਸਲਰ, ਵਾਰਡ ਨੰਬਰ 12 ਨੇ ਕਿਹਾ ਕਿ ਬੇਅੰਤ ਸਿੰਘ ਨਗਰ, ਕੱਚਾ ਧੋਬੀਆਣਾ ਅਤੇ ਧੋਬੀਆਣਾ ਵਿਖੇ ਸੀਵਰੇਜ਼ ਸਬੰਧੀ ਸਮੱਸਿਆ ਆ ਰਹੀ ਹੈ। ਉਹਨਾਂ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਤਕਰੀਬਨ 200 ਗਟਰਾਂ ਦੀ ਸਫਾਈ ਕਰਵਾ ਦਿੱਤੀ ਗਈ ਹੈ। ਪਰੰਤੂ 10-12 ਅਜਿਹੇ ਮੇਨ ਸੀਵਰ ਹਨ, ਜਿੰਨ੍ਹਾ ਦੀ ਸਫਾਈ ਮਸ਼ੀਨ ਨਾਲ ਹੀ ਹੋਵੇਗੀ। ਇਸ ਲਈ ਉਹਨਾਂ ਮੰਗ ਕੀਤੀ ਕਿ ਜਲਦ ਤੋਂ ਜਲਦ ਮਸ਼ੀਨ ਭੇਜ ਕੇ ਸਫਾਈ ਕਰਵਾ ਦਿੱਤੀ ਜਾਵੇ। ਉਹਨਾਂ ਇਹ ਵੀ ਧਿਆਨ ਵਿੱਚ ਲਿਆਂਦਾ ਕਿ ਉਹਨਾਂ ਦੇ ਵਾਰਡ ਵਿੱਚ ਗੰਦਾ ਪਾਣੀ ਪੀਣ ਵਾਲੇ ਪਾਣੀ ਨਾਲ ਮਿਕਸ ਹੋ ਕੇ ਆ ਰਿਹਾ ਹੈ। ਇਸ ਨਾਲ ਤਕਰੀਬਨ 1500 ਘਰਾਂ ਨੂੰ ਦਿੱਕਤ ਪੇਸ਼ ਆ ਰਹੀ ਹੈ। ਉਹਨਾਂ ਕਿਹਾ ਕਿ ਸੀਵਰ ਓਵਰਫਲੌ ਹੋਣ ਕਾਰਨ ਪਾਵਰ ਹਾਊਸ ਰੋਡ ਕੈਂਟ ਰੋਡ ਤੇ 2-3 ਫੁੱਟ ਪਾਣੀ ਖੜ੍ਹਾ ਹੋ ਜਾਂਦਾ ਹੈ। ਉਹਨਾਂ ਮੰਗ ਕੀਤੀ ਕਿ ਪਬਲਿਕ ਹੈਲਥ ਵਿਭਾਗ ਨੂੰ ਕਹਿਣ ਕੇ ਉਹਨਾਂ ਦੇ ਵਾਰਡ ਦਾ ਸੀਵਰ ਸਾਫ ਕਰਵਾਇਆ ਜਾਵੇ। ਉਹਨਾਂ ਇਹ ਵੀ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਬੇਅੰਤ ਸਿੰਘ ਨਗਰ ਵਿਖੇ ਲੱਗਿਆ ਪੀਣ ਵਾਲੇ ਪਾਣੀ ਦਾ ਆਰ.ਓ. ਪਿਛਲੇ ਤਕਰੀਬਨ ਇੱਕ ਮਹੀਨੇ ਤੋਂ ਬੰਦ ਪਿਆ ਹੈ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਇਸ ਆਰ.ਓ ਵਿੱਚ ਨਵੀਂ ਮਸ਼ੀਨਰੀ ਲਗਵਾ ਕੇ ਚਾਲੂ ਕਰਵਾ ਦਿੱਤਾ ਜਾਵੇਗਾ।

ਸ਼੍ਰੀ ਸੰਦੀਪ ਕੁਮਾਰ, ਕੌਂਸਲਰ, ਵਾਰਡ ਨੰਬਰ 26 ਨੇ ਦਸਿਆ ਕਿ ਉਹਨਾਂ ਦਾ ਵਾਰਡ ਬਠਿੰਡਾ ਦੇ ਇਤਿਹਾਸਕ ਕਿਲੇ ਦੇ ਆਸ ਪਾਸ ਟਿੱਬੇ ਤੇ ਹੈ। ਇਸ ਵਾਰਡ ਵਿੱਚ ਪੀਣ ਵਾਲੇ ਪਾਣੀ ਅਤੇ ਸੀਵਰੇਜ਼ ਦੀਆਂ ਪਾਈਪਾਂ ਬਹੁਤ ਜਿਆਦਾ ਪੁਰਾਣੀਆਂ ਹਨ। ਇਸ ਨਾਲ ਹਰ ਸਮੇਂ ਕਈ ਵਾਰ ਲੀਕੇਜ਼ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਦਸਿਆ ਕਿ ਕਿਲਾ ਕਿਲਾ ਤੋਂ ਲੈ ਕੇ ਪੁਰਾਣਾ ਥਾਣਾ ਰੋਡ ਨੂੰ ਜਾਂਦੇ ਰਸਤੇ ਤੇ ਆਏ 2-3 ਦਿਨਾਂ ਬਾਅਦ ਸੀਵਰੇਜ਼ ਓਵਰਫਲੌ ਹੋਣ ਕਾਰਨ ਕਿਲਾ ਸਾਹਿਬ ਵਿਖੇ ਗੁਰਦੁਆਰਾ ਸਾਹਿਬ ਵਿਖੇ ਜਾਣ ਵਾਲੀਆਂ ਸੰਗਤਾਂ ਨੂੰ ਬਹੁਤ ਜਿਆਦਾ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਦਸਿਆ ਕਿ ਇਸ ਵਾਰਡ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਗੋਲ ਡਿੱਗੀ ਵਾਲੀ ਟੈਂਕੀ ਤੋਂ ਦਿੱਤੀ ਜਾਂਦੀ ਹੈ। ਪਾਈਪਾਂ ਦੇ ਪੁਰਾਣੇ ਹੋਣ ਅਤੇ ਲੀਕ ਹੋਣ ਕਾਰਨ ਇਹ ਪੀਣ ਵਾਲੇ ਪਾਣੀ ਵਿੱਚ ਸੀਵਰੇਜ਼ ਦਾ ਗੰਦਾ ਪਾਣੀ ਮਿਕਸ ਹੋ ਜਾਂਦਾ ਹੈ। ਉਹਨਾਂ ਇਹ ਵੀ ਦਸਿਆ ਕਿ ਪੰਡਿਤ ਜੇਠੂ ਰਾਮ ਹਲਵਾਈ ਦੀ ਦੁਕਾਨ ਦੇ ਕੋਲ ਸੜ੍ਹਕ ਤੇ ਮੇਨਹੋਲ 90-90 ਫੁੱਟ ਦੀ ਦੂਰੀ ਤੇ ਹੋਣ ਕਾਰਨ ਲੋਕਾਂ ਨੂੰ ਆਪਣਾ ਕੁਨੈਕਸ਼ਨ ਲੈਣ ਖਾਤਰ ਬਹੁਤ ਜਿਆਦਾ ਸੜ੍ਹਕ ਦੀ ਪੁਟਾਈ ਕਰਨੀ ਪੈਂਦੀ ਹੈ। ਇਸ ਨਾਲ ਨਵੀਂ ਬਣੀ ਸੜ੍ਹਕ ਦਾ ਬੁਰਾ ਹਾਲ ਹੋ ਗਿਆ ਹੈ। ਇਸਤੋਂ ਇਲਾਵਾ ਸੀਵਰੇਜ਼ ਬੋਰਡ ਦੇ ਕਰਮਚਾਰੀਆਂ ਵੱਲੋਂ ਸਿਰਫ 20-25 ਫੁੱਟ ਦੀ ਦੂਰੀ ਵਾਲੇ ਸੀਵਰ ਦੀ ਹੀ ਸਫਾਈ ਕੀਤੀ ਜਾਂਦੀ ਹੈ। ਬਾਂਸ ਦੇ ਲੰਬਾ ਨਾ ਹੋਣ ਕਾਰਨ ਸੀਵਰ ਦੀ ਸਫਾਈ ਵੀ ਨਹੀਂ ਹੋ ਪਾਉਂਦੀ। ਉਹਨਾਂ ਇਸ ਸੜ੍ਹਕ ਤੇ 2-3 ਹੋਰ ਨਵੇਂ ਮੇਨਹੋਲ ਬਨਾਉਣ ਦੀ ਮੰਗ ਕੀਤੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਬਣਦੇ ਮੇਨਹੋਲ ਬਣਾ ਦਿੱਤੇ ਜਾਣਗੇ। ਸ਼੍ਰੀ ਸੰਦੀਪ ਕੁਮਾਰ, ਕੌਂਸਲਰ ਨੇ ਕਿਹਾ ਕਿ ਇਸ ਸੜ੍ਹਕ ਤੇ ਕਿਸੇ ਵਿਅਕਤੀ ਵੱਲੋਂ ਆਪਣਾ ਕੁਨੈਕਸ਼ਨ ਕਰਨ ਖਾਤਰ ਪੁਟਾਈ ਕੀਤੀ ਗਈ ਸੀ। ਪਰੰਤੂ ਹੁਣ ਮੇਨਹੋਲ ਉੱਚਾ ਹੋਣ ਕਾਰਨ ਲੋਕਾਂ ਨੂੰ ਪਰੇਸ਼ਾਨੀ ਆ ਰਹੀ ਹੈ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਇਸ ਮੇਨਹੋਲ ਨੂੰ ਸਹੀ ਕਰਨ ਲਈ ਸ਼੍ਰੀ ਪਵਨ ਕੁਮਾਰ, ਜੂਨੀਅਰ ਇੰਜੀਨੀਅਰ, ਨਗਰ ਨਿਗਮ ਬਠਿੰਡਾ ਦੀ ਡਿਊਟੀ ਲਗਾਈ ਗਈ।

ਸ਼੍ਰੀ ਸੁਖਰਾਜ ਸਿੰਘ ਔਲਖ, ਕੌਂਸਲਰ, ਵਾਰਡ ਨੰਬਰ 42 ਨੇ ਕਿਹਾ ਕਿ ਸੁਰਖਪੀਰ ਰੋਡ ਤੇ ਮੁਲਤਾਨੀਆਂ ਰੋਡ ਤੇ ਤਕਰੀਬਨ 75% ਹਿੱਸੇ ਵਿੱਚ ਸੀਵਰੇਜ਼ ਦੀ ਸਮੱਸਿਆ ਬਣੀ ਹੋਈ ਹੈ। ਉਹਨਾਂ ਦਸਿਆ ਕਿ ਕੈਨਾਲ ਕਲੋਨੀ ਥਾਣੇ ਦੇ ਨਾਲ ਆਦਰਸ਼ ਸਕੂਲ ਦੇ ਸਾਹਮਣੇ ਡਿਸਪੋਜ਼ਲ ਤੇ ਲੱਗੀਆਂ ਤਿੰਨ ਮੋਟਰਾਂ ਵਿੱਚੋਂ ਸਿਰਫ ਇਕ ਹੀ ਮੋਟਰ ਚਲਾਈ ਜਾ ਰਹੀ ਹੈ। ਬਾਕੀ ਦੀਆਂ ਮੋਟਰਾਂ ਬੰਦ ਪਈਆਂ ਹਨ। ਇਸ ਨਾਲ ਸੀਵਰੇਜ਼ ਦਾ ਗੰਦਾ ਪਾਣੀ ਓਵਰਫਲੌ ਹੋ ਰਿਹਾ ਹੈ। ਉਹਨਾਂ ਆਪਣੇ ਵਾਰਡ ਵਿੱਚ ਡੀ-ਸਿਲਟਿੰਗ ਕਰਾਉਣ ਦੀ ਮੰਗ ਕੀਤੀ। ਉਹਨਾਂ ਇਹ ਵੀ ਕਿਹਾ ਕਿ ਬੀੜ੍ਹ ਰੋਡ ਤੇ ਨਵਾਂ ਸੀਵਰ ਪਾਉਣ ਦਾ ਤਕਰੀਬਨ 31-32 ਲੱਖ ਰੁਪਏ ਦਾ ਤਖਮੀਨਾ ਪਾਸ ਕੀਤਾ ਹੋਇਆ ਹੈ। ਉਹਨਾਂ ਜਲਦ ਤੋਂ ਜਲਦ ਇਸ ਸੜ੍ਹਕ ਤੇ ਨਵਾਂ ਸੀਵਰ ਪਾਉਣ ਦੀ ਮੰਗ ਕੀਤੀ। ਉਹਨਾਂ ਕਿਹਾ ਕਿ ਹਰੇਕ ਕੌਂਸਲਰ ਸਾਹਿਬਾਨ ਨੂੰ ਬਰਸਾਤੀ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵੱਲੋਂ ਤਿਆਰ ਕੀਤਾ ਸ਼ਡਿਊਲ ਜਾਰੀ ਕੀਤਾ ਜਾਵੇ। ਉਹਨਾਂ ਇਹ ਵੀ ਕਿਹਾ

ਕਿ ਉਹਨਾਂ ਦੇ ਵਾਰਡ ਵਿੱਚ ਗਲੀਆਂ ਅਤੇ ਸੜ੍ਹਕਾਂ ਬਨਾਉਣ ਦੇ ਤਖਮੀਨੇ ਹਾਊਸ ਵੱਲੋਂ ਪਾਸ ਕੀਤੇ ਜਾ ਚੁੱਕੇ ਹਨ, ਪਰੰਤੂ ਟੈਂਡਰ ਨਹੀਂ ਲਗਾਏ ਗਏ। ਉਹਨਾਂ ਜਲਦ ਤੋਂ ਟੈਂਡਰ ਲਗਾਉਣ ਦੀ ਮੰਗ ਕੀਤੀ।

ਸ਼੍ਰੀ ਰਤਨ ਰਾਹੀਂ, ਕੌਂਸਲਰ, ਵਾਰਡ ਨੰਬਰ 46 ਨੇ ਦਸਿਆ ਕਿ ਪੰਚਮੁੱਖੀ ਮੰਦਰ ਵਾਲੀ ਗਲੀ ਵਿੱਚ ਸੀਵਰੇਜ਼ ਦੀ ਬਹੁਤ ਜਿਆਦਾ ਸਮੱਸਿਆ ਹੈ। ਉਹਨਾਂ ਇਹ ਵੀ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਤਕਰੀਬਨ 10 ਫੁੱਟ ਉੱਚੇ ਟਿੱਬੇ ਤੋਂ ਲਗਾਤਾਰ ਗੰਦਾ ਪਾਣੀ ਡਿਗਦਾ ਰਹਿੰਦਾ ਹੈ। ਉਹਨਾਂ ਮੰਗ ਕੀਤੀ ਕਿ ਜਲਦ ਤੋਂ ਜਲਦ ਇਸ ਸਮੱਸਿਆ ਦਾ ਹੱਲ ਕੀਤਾ ਜਾਵੇ। ਉਹਨਾਂ ਕਿਹਾ ਕਿ ਆਲਮ ਬਸਤੀ ਡਿਸਪੋਜ਼ਲ ਤੇ ਲੱਗੀ ਮੋਟਰ ਦੀ ਰਿਪੇਅਰ ਵੀ ਕਰਵਾਈ ਜਾਵੇ।

ਸ਼੍ਰੀ ਬਲਜੀਤ ਸਿੰਘ ਸਰਾਂ, ਕੌਂਸਲਰ, ਵਾਰਡ ਨੰਬਰ 10 ਨੇ ਦਸਿਆ ਕਿ ਤ੍ਰਿਵੇਣੀ ਕੰਪਨੀ ਨੂੰ ਵਾਰ-ਵਾਰ ਕਹਿਣ ਦੇ ਬਾਵਜੂਦ ਇਹਨਾਂ ਵੱਲੋਂ ਕੰਮ ਨਾ ਕਰਾਉਣ ਤੇ ਨਗਰ ਨਿਗਮ ਦੇ ਸਹਾਇਕ ਨਿਗਮ ਇੰਜੀਨੀਅਰ ਨੂੰ ਕਹਿਣ ਤੇ ਕੰਮ ਕਰਵਾ ਦਿੱਤਾ ਗਿਆ। ਜਦਕਿ ਇਹ ਕੰਮ ਤ੍ਰਿਵੇਣੀ ਕੰਪਨੀ ਵੱਲੋਂ ਕੀਤਾ ਜਾਣਾ ਸੀ, ਜੋ ਕਿ ਨਹੀਂ ਕੀਤਾ ਅਤੇ ਨਗਰ ਨਿਗਮ ਵੱਲੋਂ ਫੰਡ ਵੀ ਕੰਪਨੀ ਨੂੰ ਹੀ ਦਿੱਤੇ ਜਾਣਗੇ। ਉਹਨਾਂ ਕਿਹਾ ਕਿ ਜਦੋਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਅਤੇ ਤ੍ਰਿਵੇਣੀ ਕੰਪਨੀ ਵੱਲੋਂ ਕੰਮ ਹੀ ਨਹੀਂ ਕੀਤਾ ਜਾ ਰਿਹਾ ਤਾਂ ਆਪਾਂ ਸਾਰੇ ਕੌਂਸਲਰ ਗੰਦੇ ਪਾਣੀ ਦੀਆਂ ਬਾਲਟੀਆਂ ਭਰਕੇ ਇਹਨਾਂ ਦੇ ਘਰਾਂ ਸਾਹਮਣੇ ਧਰਨੇ ਤੇ ਬੈਠੀਏ। ਉਹਨਾਂ ਦਸਿਆ ਕਿ ਤ੍ਰਿਵੇਣੀ ਕੰਪਨੀ ਵੱਲੋਂ ਨਗਰ ਨਿਗਮ ਦੇ ਫੰਡਾਂ ਨਾਲ ਤੇਲ ਦੀ ਖਰੀਦ ਕਰਕੇ ਮਸ਼ੀਨਾਂ ਵਿੱਚ ਪਾ ਕੇ ਇਹ ਮਸ਼ੀਨਾਂ ਸ਼ਹਿਰ ਤੋਂ ਬਾਹਰ ਮਲੋਟ, ਸ਼੍ਰੀ ਮੁਕਤਸਰ ਸਾਹਿਬ ਅਤੇ ਹੋਰ ਕਈ ਥਾਂਵਾਂ ਤੇ ਭੇਜੀਆਂ ਜਾ ਰਹੀਆਂ ਹਨ ਅਤੇ ਦੂਸਰੇ ਪਾਸੇ ਬਿੱਲ ਬਣਾ ਕੇ ਉਹਨਾਂ ਤੋਂ ਵੀ ਪੈਸੇ ਲਏ ਜਾ ਰਹੇ ਹਨ। ਉਹਨਾਂ ਇਸ ਸਬੰਧੀ ਵਿਜ਼ੀਲੈਂਸ ਇਨਕੁਆਰੀ ਕਰਵਾਉਣ ਦੀ ਮੰਗ ਕੀਤੀ। ਉਹਨਾਂ ਮੰਗ ਕੀਤੀ ਕਿ ਕੰਪਨੀ ਵੱਲੋਂ ਪਾਏ ਜਾ ਰਹੇ ਜਾਲੀ ਬਿਲਾਂ ਦੀ ਵਿਜੀਲੈਂਸ ਪਾਸੋਂ ਜਾਂਚ ਕਰਵਾਈ ਜਾਵੇ। ਇਸਤੇ ਕਾਰਜਕਾਰੀ ਮੇਅਰ-ਕਮ-ਸੀਨੀਅਰ ਡਿਪਟੀ ਮੇਅਰ ਵੱਲੋਂ ਵਿਜ਼ੀਲੈਂਸ ਇਨਕੁਆਰੀ ਕਰਵਾਉਣ ਲਈ ਸਮੁੱਚੇ ਹਾਊਸ ਦੀ ਸਹਿਮਤੀ ਮੰਗੀ, ਜਿਸਤੇ ਹਾਊਸ ਵਿੱਚ ਮੌਜੂਦ ਸਮੂਹ ਕੌਂਸਲਰ ਸਾਹਿਬਾਨ ਵੱਲੋਂ ਹੱਥ ਖੜ੍ਹੇ ਕਰਕੇ ਵਿਜ਼ੀਲੈਂਸ ਇਨਕੁਆਰੀ ਕਰਵਾਉਣ ਦੀ ਮੰਗ ਕੀਤੀ।

ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਇਹ ਬਹੁਤ ਹੀ ਮੰਦਭਾਗਾ ਹੈ ਕਿ ਕਿਸੇ ਅਧਿਕਾਰੀ ਦੀ ਜਿੰਮੇਵਾਰੀ ਹੋਵੇ ਪਰ ਜਵਾਬਦੇਹੀ ਨਾ ਹੋਵੇ। ਨਗਰ ਨਿਗਮ ਵੱਲੋਂ 100/- ਰੁਪਏ ਦਾ ਕੰਮ ਕਰਵਾਉਣ ਤੇ ਪਹਿਲਾਂ ਹੀ ਤਕਰੀਬਨ 117/- ਰੁਪਏ ਦਿੱਤੇ ਜਾ ਰਹੇ ਹਨ। ਜਦਕਿ 100/- ਰੁਪਏ ਵਾਲਾ ਕੰਮ ਟੈਂਡਰ ਲਗਵਾ ਕੇ 95/- ਰੁਪਏ ਵਿੱਚ ਵੀ ਕਰਵਾਇਆ ਜਾ ਸਕਦਾ ਹੈ। ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਨੂੰ ਦਿੱਤੇ ਗਏ 1.50 ਕਰੋੜ੍ਹ ਰੁਪਏ ਵਿਭਾਗ ਵੱਲੋਂ ਖਰਚ ਕੀਤੇ ਜਾ ਚੁੱਕੇ ਹਨ। ਪਰੰਤੂ ਵਾਰ-ਵਾਰ ਵਰਤੋਂ ਸਰਟੀਫਿਕੇਟ ਮੰਗਣ ਦੇ ਬਾਵਜੂਦ ਇਹਨਾਂ ਨੂੰ ਇਹ ਵੀ ਨਹੀਂ ਪਤਾ ਕਿ ਉਕਤ ਫੰਡ ਕਿਸ ਕੰਮ ਲਈ ਵਰਤੇ ਗਏ ਹਨ ਅਤੇ ਨਾ ਹੀ ਕੋਈ ਜਵਾਬ ਦਿੱਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਅੱਜ ਦੀ ਮੀਟਿੰਗ ਵਿੱਚ ਮਤਾ ਪਾਸ ਕਰਕੇ ਸਰਕਾਰ ਨੂੰ ਲਿਖਿਆ ਜਾਵੇ ਕਿ ਸ਼ਹਿਰ ਵਿੱਚ ਆਪਰੇਸ਼ਨ ਐਂਡ ਮੈਨਟੀਨੈਂਸ ਦਾ ਕੰਮ ਨਗਰ ਨਿਗਮ ਵੱਲੋਂ ਆਪਣੇ ਪੱਧਰ ਤੇ ਕੀਤਾ ਜਾਵੇਗਾ। ਇਸ ਸਬੰਧੀ ਅਡੀਸ਼ਨਲ ਸਟਾਫ ਦੀ ਮੰਗ ਕੀਤੀ ਜਾਵੇ। ਉਹਨਾਂ ਦਸਿਆ ਕਿ ਨਗਰ ਨਿਗਮ ਵੱਲੋਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਨੂੰ ਦਿੱਤੇ ਜਾ ਰਹੇ 14% ਨਾਲ ਤਨਖਾਹਾਂ ਪਹਿਲਾਂ ਹੀ ਦਿੱਤੀਆਂ ਜਾ ਰਹੀਆਂ ਹਨ। ਇਸਤੋਂ ਇਲਾਵਾ ਸਿੱਧੇ ਤੌਰ ਤੇ ਹੀ ਨਗਰ ਨਿਗਮ ਵੱਲੋਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ 25-30 ਕਰਮਚਾਰੀਆਂ ਨੂੰ ਤਨਖਾਹਾਂ ਦਿੱਤੀਆਂ ਜਾ ਰਹੀਆਂ ਹਨ। ਉਹਨਾਂ ਇਹ ਵੀ ਦਸਿਆ ਕਿ ਸ਼੍ਰੀ ਅੰਮ੍ਰਿਤਸਰ ਸਾਹਿਬ, ਲੁਧਿਆਣਾ ਅਤੇ ਜਲੰਧਰ ਵਿਖੇ ਪਹਿਲਾਂ ਹੀ ਆਪਰੇਸ਼ਨ ਐਂਡ ਮੈਨਟੀਨੈਂਸ ਕੀਤੀ ਜਾ ਰਹੀ ਹੈ। ਜੇਕਰ ਉਹ ਕਰ ਸਕਦੇ ਹਨ ਤਾਂ ਨਗਰ ਨਿਗਮ ਬਠਿੰਡਾ ਕਿਉਂ ਨਹੀਂ ਕਰ ਸਕਦੀ। ਉਹਨਾਂ ਕਿਹਾ ਕਿ ਕੈਪੀਟਲ ਵਰਕਸ ਦਾ ਕੰਮ ਤਾਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵੱਲੋਂ ਹੀ ਕੀਤਾ ਜਾਵੇਗਾ, ਜਦਕਿ ਆਪਰੇਸ਼ਨ ਐਂਡ ਮੈਨਟੀਨੈਂਸ ਸਬੰਧੀ ਸਾਰਾ ਕੰਮ ਨਗਰ ਨਿਗਮ ਵੱਲੋਂ ਕੀਤਾ ਜਾਵੇ। ਤ੍ਰਿਵੇਣੀ ਨੂੰ ਇਸ ਸਬੰਧੀ ਦਿੱਤਾ ਗਿਆ ਕੰਮ ਵਾਪਸ ਲੈ ਲਿਆ ਜਾਵੇ। ਉਹਨਾਂ ਹਾਊਸ ਨੂੰ ਕਿਹਾ ਕਿ ਇਸ ਸਬੰਧੀ ਸਬ-ਕਮੇਟੀ ਗਠਿਤ ਕਰ ਲਈ ਜਾਵੇ ਅਤੇ ਨਗਰ ਨਿਗਮ ਦੇ ਸਮੂਹ ਅਧਿਕਾਰੀ ਇਸ ਸਬੰਧੀ ਬਣਦਾ ਪੂਰਾ ਸਹਿਯੋਗ ਦੇਣਗੇ। ਇਸਤੇ ਹਾਊਸ ਵਿੱਚ ਮੌਜੂਦ ਸਮੂਹ ਕੌਂਸਲਰ ਸਾਹਿਬ ਵੱਲੋਂ ਸਹਿਮਤੀ ਜਤਾਈ ਗਈ।

ਸ਼੍ਰੀਮਤੀ ਕਮਲੇਸ਼ ਮਹਿਰਾ, ਕੌਂਸਲਰ, ਵਾਰਡ ਨੰਬਰ 49 ਨੇ ਕਿਹਾ ਕਿ ਸੰਤਪੁਰਾ ਰੋਡ ਤੇ ਸੜ੍ਹਕ ਦੇ ਆਸੇ-ਪਾਸੇ ਗੰਦਗੀ ਦਾ ਬੁਰਾ ਹਾਲ ਹੈ। ਵਿਸ਼ਾਲ ਨਗਰ, ਗਲੀ ਨੰਬਰ 1,2,3 ਵਿਚ ਸੀਵਰ ਬੰਦ ਪਏ ਹਨ। ਮਿੱਤਲ ਮਾਲ ਰੋਡ, ਸ਼ਾਮ ਢਾਬਾ ਅਤੇ ਰੋਟੀ ਵਾਲਾ ਢਾਬਾ ਦੇ ਪਿੱਛੇ ਗਲੀ ਵਿੱਚ ਸੀਵਰ ਬੰਦ ਰਹਿੰਦੇ ਹਨ। ਸੀਵਰਮੈਨ ਸਿਰਫ ਬਾਂਸਾਂ ਮਾਰ ਕੇ ਆ ਜਾਂਦੇ ਹਨ, ਪਰ ਸੀਵਰ ਨਹੀਂ ਖੋਲੇ ਜਾਂਦੇ। ਇਸਤੋਂ ਇਲਾਵਾ ਉਹਨਾਂ ਦੇ ਵਾਰਡ ਵਿੱਚੋਂ ਕੂੜ੍ਹਾ ਚੁੱਕਣ ਲਈ ਟਿੱਪਰਾਂ ਦੀ ਸਮੱਸਿਆ ਵੀ ਆ ਰਹੀ ਹੈ। ਵਾਰਡ ਦੇ ਮੁੱਹਲਿਆਂ ਵਿੱਚ ਸਫਾਈ ਦਾ ਬੁਰਾ ਹਾਲ ਹੈ। ਉਹਨਾਂ ਵਾਰਡ ਵਿੱਚ ਕਿਸੇ ਚੰਗੇ ਅਧਿਕਾਰੀ ਦੀ ਤੈਨਾਤੀ ਕਰਨ ਦੀ ਮੰਗ ਕੀਤੀ।

ਸ਼੍ਰੀਮਤੀ ਅਨੀਤਾ ਗੋਇਲ, ਕੌਂਸਲਰ ਵਾਰਡ ਨੰਬਰ 43 ਨੇ ਦਸਿਆ ਕਿ ਐਸ.ਏ.ਐਸ. ਨਗਰ ਗਲੀ ਨੰਬਰ 20 ਤੇ ਨਾਲ ਲਗਦੀਆਂ ਗਲੀਆਂ ਵਿੱਚ ਸੀਵਰ ਬੰਦ ਹੋਣ ਦੀ ਸਮੱਸਿਆ ਆ ਰਹੀ ਹੈ। ਇਸਤੋਂ ਇਲਾਵਾ ਕੂੜ੍ਹਾ ਚੁੱਕਣ ਖਾਤਰ ਟਿੱਪਰਾਂ ਦੀ ਸਮੱਸਿਆ ਵੀ ਆ ਰਹੀ ਹੈ।

ਸ਼੍ਰੀਮਤੀ ਕੁਲਵਿੰਦਰ ਕੋਰ, ਕੌਂਸਲਰ ਵਾਰਡ ਨੰਬਰ 41 ਨੇ ਦਸਿਆ ਕਿ ਗਲੀ ਨੰਬਰ 5, ਪਰਸ ਰਾਮ ਨਗਰ ਟੈਂਕੀ ਵਾਲੀ ਗਲੀ ਵਿਚ ਪਿਛਲੇ 3 ਸਾਲਾਂ ਤੋਂ ਸੀਵਰ ਬੰਦ ਹੋਣ ਦੀ ਸਮੱਸਿਆ ਆ ਰਹੀ ਹੈ।

ਸ਼੍ਰੀਮਤੀ ਕਮਲਜੀਤ ਕੋਰ, ਕੌਂਸਲਰ ਵਾਰਡ ਨੰਬਰ 25 ਨੇ ਦਸਿਆ ਕਿ ਸਿਰਕੀ ਬਾਜਾਰ ਵਿਖੇ ਪੁੱਲ ਦੇ ਥੱਲੇ ਸੀਵਰ ਦੀ ਗਾਰ ਪਈ ਹੈ, ਜਿਸ ਨਾਲ ਲੋਕਾਂ ਨੂੰ ਦਿੱਕਤਾਂ ਆ ਰਹੀਆਂ ਹਨ। ਉਹਨਾਂ ਮਿੰਨੀ ਸੈਕਟਰੀਏਟ ਰੋਡ, ਪੁਰਾਣਾ ਥਾਣਾ ਰੋਡ, ਗੁਰੂ ਨਾਨਕ ਪੁਰਾ ਮੁੱਹਲਾ ਵਿਖੇ ਸੀਵਰ ਦੀ ਸਫਾਈ ਕਰਵਾਉਣ ਅਤੇ ਡੀ-ਸਿਲਟਿੰਗ ਕਰਵਾਉਣ ਦੀ ਮੰਗ ਕੀਤੀ।

ਸ਼੍ਰੀਮਤੀ ਪੁਸ਼ਪਾ ਰਾਣੀ, ਕੌਂਸਲਰ, ਵਾਰਡ ਨੰਬਰ 39 ਨੇ ਦਸਿਆ ਕਿ ਪ੍ਰਤਾਪ ਨਗਰ ਗਲੀ ਨੰਬਰ 4-ਡੀ ਵਿਖੇ ਸੀਵਰ ਪਿਛਲੇ ਇੱਕ ਮਹੀਨੇ ਤੋਂ ਬੰਦ ਪਿਆ ਹੈ। ਉਹਨਾਂ ਇਸ ਸੜ੍ਹਕ ਤੇ ਹੋਰ ਮੇਨਹੋਲ ਬਨਾਉਣ ਦੀ ਵੀ ਮੰਗ ਕੀਤੀ। ਉਹਨਾਂ ਕਿਹਾ ਕਿ ਇਸ ਮਸਲੇ ਨੂੰ ਹੱਲ ਕਰਵਾਉਣ ਖਾਤਰ ਉਹਨਾਂ ਪਹਿਲੀ ਵਾਰ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦਾ ਦਫਤਰ ਵੇਖਣ ਦਾ ਮੌਕਾ ਮਿਲਿਆ, ਜੋ ਸ਼ਾਇਦ ਹਾਊਸ ਵਿੱਚ ਮੋਜੂਦ ਕਿਸੇ ਲੇਡੀ ਕੌਂਸਲਰ ਨੇ ਨਾ ਦੇਖਿਆ ਹੋਵੇ। ਉਹਨਾਂ ਕਿਹਾ ਕਿ ਐਸ.ਏ.ਐਸ. ਨਗਰ ਵਿਖੇ ਗਲੀ ਨੰਬਰ 10/3, ਪਲਾਸਟਿਕ ਫੈਕਟਰੀ ਵਾਲੀ ਗਲੀ ਵਿੱਚ ਵੀ ਸੀਵਰ ਦੀ ਸਮੱਸਿਆ ਦਾ ਵੀ ਹੱਲ ਕੀਤਾ ਜਾਵੇ।

ਸ਼੍ਰੀਮਤੀ ਕਿਰਨ ਰਾਣੀ, ਕੌਂਸਲਰ, ਵਾਰਡ ਨੰਬਰ 23 ਨੇ ਦਸਿਆ ਕਿ ਆਵਾ ਬਸਤੀ ਵਿਖੇ ਹਰ ਸਮੇਂ ਸੀਵਰੇਜ਼ ਬੰਦ ਹੋਣ ਦੀ ਸਮੱਸਿਆ ਬਣੀ ਰਹਿੰਦੀ ਹੈ। ਉਹਨਾਂ ਕਿਹਾ ਕਿ ਇਸ ਵਾਰਡ ਦੀ ਗਲੀ ਨੰਬਰ 8 ਨੂੰ 80' ਸੜ੍ਹਕ ਦੇ ਸੀਵਰ ਨਾਲ ਜੋੜਿਆ ਜਾਵੇ ਤਾਂ ਜੋ ਸਮੱਸਿਆ ਦਾ ਹੱਲ ਹੋ ਸਕੇ। ਉਹਨਾਂ ਗੁਰੂ ਨਾਨਕ ਪੁਰਾ ਮੁੱਹਲਾ ਦਾ ਮੇਨ ਸੀਵਰ ਸਾਫ ਕਰਵਾਉਣ ਅਤੇ ਜੰਗੀਰ ਸਿੰਘ ਫੋਜੀ ਵਾਲੀ ਗਲੀ ਵਿੱਚ 2 ਹੋਰ ਮੇਨਹੋਲ ਬਨਾਉਣ ਦੀ ਮੰਗ ਕੀਤੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਆਵਾ ਬਸਤੀ ਦੇ ਸੀਵਰ ਨੂੰ 80' ਸੜ੍ਹਕ ਤੇ ਪਏ ਸੀਵਰ ਨਾਲ ਜੋੜ੍ਹਨ ਖਾਤਰ ਮੌਕਾ ਦੇਖ ਕੇ ਬਣਦਾ ਹੱਲ ਕਰਵਾ ਦਿੱਤਾ ਜਾਵੇਗਾ।

ਸ਼੍ਰੀਮਤੀ ਸ਼ੀਲਾ ਰਾਣੀ, ਕੌਂਸਲਰ, ਵਾਰਡ ਨੰਬਰ 19 ਨੇ ਦਸਿਆ ਕਿ ਬੰਗੀ ਨਗਰ ਵਿਖੇ ਪਿਚਲੇ 2 ਮਹੀਨਿਆਂ ਤੋਂ ਸੀਵਰ ਬੰਦ ਪਿਆ ਹੈ। ਉਹਨਾਂ ਇਹ ਵੀ ਕਿਹਾ ਕਿ ਉਹਨਾਂ ਦੇ ਏਰੀਏ ਵਿੱਚ ਪੀਣ ਵਾਲਾ ਪਾਣੀ ਸੀਵਰੇਜ਼ ਦੇ ਪਾਣੀ ਨਾਲ ਮਿਕਸ ਹੋ ਕੇ ਆ ਰਿਹਾ ਹੈ। ਇਸਤੋਂ ਇਲਾਵਾ ਸੀਵਰੇਜ਼ ਦਾ ਗੰਦਾ ਪਾਣੀ ਲੋਕਾਂ ਦੇ ਘਰਾਂ ਵਿੱਚ ਦਾਖਲ ਹੋਣ ਨਾਲ ਲੋਕਾਂ ਦੇ ਘਰਾਂ ਵਿੱਚ ਤਰੇੜਾਂ ਆ ਰਹੀਆਂ ਹਨ। ਇਸਤੇ ਡਿਪਟੀ ਮੇਅਰ ਨੇ ਦਸਿਆ ਕਿ ਇਸ ਜਗ੍ਹਾ ਨਵਾਂ ਸੀਵਰ ਪਾਇਆ ਜਾਵੇਗਾ, ਜਿਸ ਨਾਲ ਸਮੱਸਿਆ ਦਾ ਹੱਲ ਹੋ ਜਾਵੇਗਾ।

ਉਕਤ ਦੇ ਮੱਦੇ ਨਜ਼ਰ ਹੇਠ ਲਿਖੇ ਅਨੁਸਾਰ ਪਾਸ ਕੀਤਾ ਜਾਂਦਾ ਹੈ:

| | |
|---|---|
| ਮਤਾ ਨੰਬਰ 306: | **1. ਖੇਤਾ ਸਿੰਘ ਬਸਤੀ ਵਿਖੇ ਸੀਵਰੇਜ਼ ਦੇ ਗੰਦੇ ਪਾਣੀ ਦੀ ਨਿਕਾਸੀ ਲਈ ਲੀਜ਼ ਤੇ ਜਗ੍ਹਾ ਲੈਣ ਖਾਤਰ ਇੱਕ ਹਫਤੇ ਅੰਦਰ ਰਿਪੋਰਟ ਕੀਤੀ ਜਾਵੇ।**<br>**2. ਲਾਈਨੋ ਪਾਰ ਇਲਾਕੇ ਦੇ 5 ਵਾਰਡ ਜਿੰਨ੍ਹਾਂ ਵਿੱਚ ਸੀਵਰੇਜ਼ ਦੇ ਬੰਦ ਹੋਣ ਕਾਰਨ ਤਕਰੀਬਨ 50000-60000 ਦੀ ਆਬਾਦੀ ਤੇ ਅਸਰ ਪੈ ਰਿਹਾ ਹੈ, ਇਸ ਸਬੰਧੀ ਕੈਨਾਲ ਕਲੋਨੀ ਦੀ ਡਿਸਪੋਜ਼ਲ ਤੇ ਲੱਗੀਆਂ ਮੋਟਰਾਂ ਫੁੱਲ ਸਵਿੰਗ ਤੇ ਚਲਾਉਣ ਖਾਤਰ ਇੱਕ ਹਫਤੇ ਅੰਦਰ ਬਣਦਾ ਹੱਲ ਕੀਤਾ ਜਾਵੇ।**<br>**3. ਸ਼ਹਿਰ ਵਿੱਚ ਸੀਵਰੇਜ਼ ਦੀ ਸਮੱਸਿਆ ਦੇ ਹੱਲ ਲਈ ਸੁਪਰਵੀਜ਼ਨ ਕਰਨ ਖਾਤਰ ਸੁਪਰਵਾਇਜ਼ਰਾਂ ਦੀ ਲਿਸਟ ਅਤੇ ਸ਼ਡਿਊਲ ਮੁਤਾਬਿਕ ਸਬੰਧਤ ਕੌਂਸਲਰ ਸਾਹਿਬਾਨ ਨੂੰ ਨਾਲ ਲੈ ਕੇ ਚੈਕ ਕਰਵਾਇਆ ਜਾਵੇ। ਇਸ ਸਬੰਧੀ ਸੁਪਰਵਾਇਜ਼ਰਾਂ ਦੀ ਜਿੰਮੇਵਾਰੀ ਫਿਕਸ ਕੀਤੀ ਜਾਵੇ।**<br>**4. ਸਾਰੀਆਂ ਡਿਸਪੋਜ਼ਲਾਂ ਤੇ ਲੱਗੀਆਂ ਸਾਰੀਆਂ ਮੋਟਰਾਂ ਚਲਣ ਸਬੰਧੀ ਇੱਕ ਹਫਤੇ ਦੇ ਅੰਦਰ-ਅੰਦਰ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਪਾਸ ਰਿਪੋਰਟ ਭੇਜੀ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀ ਦੀ ਨਿੱਜੀ ਜਿੰਮੇਵਾਰੀ ਹੋਵੇਗੀ।**<br>**5. ਕਿਉਂ ਜੋ ਤ੍ਰਿਵੇਣੀ ਕੰਪਨੀ ਮਾਹ ਜੂਨ 2025 ਤੱਕ ਹੀ ਆਪਰੇਸ਼ਨ ਐਂਡ ਮੈਨਟੀਨੈਂਸ ਦਾ ਕੰਮ ਕਰੇਗੀ। ਇਸ ਲਈ ਯੋਗ ਹੋਵੇਗਾ ਕਿ 6 ਮਹੀਨੇ ਪਹਿਲਾਂ ਹੀ ਨਗਰ ਨਿਗਮ ਵੱਲੋਂ ਆਪਣੇ ਪੱਧਰ ਤੇ ਆਪਰੇਸ਼ਨ ਐਂਡ ਮੈਨਟੀਨੈਂਸ ਦਾ ਕੰਮ ਕਰਨ ਖਾਤਰ ਟਰਾਇਲ ਬੇਸਿਸ ਤੇ ਕੰਮ ਸ਼ੁਰੂ ਕਰ ਦਿੱਤਾ ਜਾਵੇ। ਇਸ ਸਬੰਧੀ ਯੋਗ ਹੋਵੇਗਾ ਕਿ ਪਹਿਲਾਂ ਸ਼ਹਿਰ ਦੇ ਚਾਰ ਜ਼ੋਨ ਨਗਰ ਨਿਗਮ ਵੱਲੋਂ ਆਪਣੇ ਪੱਧਰ ਤੇ ਕਰਵਾਏ ਜਾਣ।**<br>**6. ਸੁਪਰ ਸਕੱਰ ਮਸ਼ੀਨ ਜਾਂ ਕੋਈ ਵੀ ਹੋਰ ਮਸ਼ੀਨ ਮੰਨਜ਼ੂਰੀ ਤੋਂ ਬਿਨ੍ਹਾਂ ਸ਼ਹਿਰ ਦੇ ਬਾਹਰ ਨਾ ਭੇਜੀ ਜਾਵੇ।**<br>**7. ਨਗਰ ਨਿਗਮ ਬਠਿੰਡਾ, ਤ੍ਰਿਵੇਣੀ ਕੰਪਨੀ ਅਤੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਪਾਸ ਮਸ਼ੀਨਰੀ ਦੀ ਡੇਲੀ ਰਿਪੋਰਟ ਦਿੱਤੀ ਜਾਵੇ।** |

| | |
|---|---|
| | 8. ਸ਼ਹਿਰ ਵਿੱਚ ਡੀ-ਸਿਲਟਿੰਗ ਕਰਾਉਣ ਖਾਤਰ ਬਣਦੀ ਹੋਰ ਮਸ਼ੀਨਰੀ ਦੀ ਖਰੀਦ ਕੀਤੀ ਜਾਵੇ।<br>9. ਤ੍ਰਿਵੇਣੀ ਕੰਪਨੀ ਅਤੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵੱਲੋਂ ਨਗਰ ਨਿਗਮ ਦੇ ਫੰਡਾਂ ਵਿੱਚੋਂ ਖਰੀਦੀ ਹੋਈ ਮਸ਼ੀਨਰੀ ਸ਼ਹਿਰ ਦੇ ਬਾਹਰ ਭੇਜਣ ਅਤੇ ਇਸ ਸਬੰਧੀ ਬਣਦੇ ਫੰਡਜ਼ ਨਗਰ ਨਿਗਮ ਅਤੇ ਦੂਸ਼ਰੇ ਪਾਸੇ ਬਾਹਰ ਕਮੇਟੀਆਂ ਤੋਂ ਲੈਣ ਸਬੰਧੀ ਵਿਜ਼ੀਲੈਂਸ ਜਾਂਚ ਕਰਵਾਈ ਜਾਵੇ।<br>10. ਡੀ-ਸਿਲਟਿੰਗ ਦਾ ਸ਼ਡਿਊਲ ਸਮੂਹ ਕੌਂਸਲਰ ਸਾਹਿਬਾਨ ਪਾਸ ਭੇਜਿਆ ਜਾਵੇ।<br>11. ਨਗਰ ਨਿਗਮ ਵੱਲੋਂ ਆਪਣੇ ਪੱਧਰ ਤੇ ਡੀ-ਸਿਲਟਿੰਗ ਕਰਾਉਣ ਖਾਤਰ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।<br>12. ਨਗਰ ਨਿਗਮ ਵੱਲੋਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਨੂੰ ਦਿੱਤੇ ਜਾਂਦੇ ਫੰਡਾਂ ਦੀ ਵਰਤੋਂ ਸਬੰਧੀ ਜਾਂਚ ਕੀਤੀ ਜਾਵੇ।<br>13. ਤ੍ਰਿਵੇਣੀ ਕੰਪਨੀ ਪਾਸੋਂ ਆਪਰੇਸ਼ਨ ਐਂਡ ਮੈਨਟੀਨੈਂਸ ਦਾ ਕੰਮ ਵਾਪਸ ਲੈਣ ਅਤੇ ਇਸ ਸਬੰਧੀ ਨਗਰ ਨਿਗਮ ਵੱਲੋਂ ਆਪਣੇ ਪੱਧਰ ਤੇ ਕੰਮ ਕਰਵਾਉਣ ਖਾਤਰ ਲੋੜੀਂਦੀ ਮਸ਼ੀਨਰੀ, ਲੋੜੀਂਦੇ ਸਟਾਫ ਅਤੇ ਹੋਰ ਲੋੜੀਂਦੇ ਕੰਮਾਂ ਤੇ ਵਿਚਾਰ ਕਰਕੇ ਇੱਕ ਮਹੀਨੇ ਅੰਦਰ ਰਿਪੋਰਟ ਦੇਣ ਖਾਤਰ ਹੇਠ ਲਿਖੇ ਅਨੁਸਾਰ ਕੌਂਸਲਰ ਸਾਹਿਬਾਨ ਦੀ ਸਬ-ਕਮੇਟੀ ਬਣਾਈ ਜਾਂਦੀ ਹੈ:<br>1. ਸ਼੍ਰ: ਹਰਮੰਦਰ ਸਿੰਘ, ਡਿਪਟੀ ਮੇਅਰ, ਚੇਅਰਮੈਨ<br>2. ਸ੍ਰ: ਹਰਪਾਲ ਸਿੰਘ ਢਿੱਲੋ, ਮੈਂਬਰ<br>3. ਸ੍ਰ: ਮਲਕੀਤ ਸਿੰਘ ਗਿੱਲ, ਮੈਂਬਰ<br>4. ਸ਼੍ਰ: ਬੇਅੰਤ ਸਿੰਘ ਰੰਧਾਵਾ, ਮੈਂਬਰ<br>5. ਸ਼੍ਰੀ ਸੰਦੀਪ ਕੁਮਾਰ, ਮੈਂਬਰ<br>6. ਸ਼੍ਰੀਮਤੀ ਪੁਸ਼ਪਾ ਰਾਣੀ, ਮੈਂਬਰ |

ਆਖੀਰ ਵਿੱਚ ਮੀਟਿੰਗ ਧੰਨਵਾਦ ਨਾਲ ਖਤਮ ਕੀਤੀ ਗਈ।

ਸਹੀ/-

ਕਾਰਜਕਾਰੀ ਮੇਅਰ -ਕਮ-
ਸੀਨੀਅਰ ਡਿਪਟੀ ਮੇਅਰ
ਨਗਰ ਨਿਗਮ,ਬਠਿੰਡਾ।